ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

VOL-12 ISSUE 2213 | 4 September, 2025 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਟਰੰਪ ਨੇ ਉੱਚ ਟੈਰਿਫਾਂ 'ਤੇ ਭਾਰਤ-ਅਮਰੀਕਾ ਸਬੰਧਾਂ ਨੂੰ 'ਇਕਪਾਸੜ' ਦੱਸਿਆ, ਵਪਾਰਕ ਅਭਿਆਸਾਂ ਦੀ ਆਲੋਚਨਾ ਕੀਤੀ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਵਪਾਰਕ ਅਭਿਆਸਾਂ ਵਿਰੁੱਧ ਆਪਣੀਆਂ ਸ਼ਿਕਾਇਤਾਂ ਨੂੰ ਦੁਹਰਾਇਆ, ਭਾਰਤ-ਅਮਰੀਕਾ ਸਬੰਧਾਂ ਨੂੰ "ਕਈ ਸਾਲਾਂ ਤੋਂ ਇੱਕਪਾਸੜ" ਕਿਹਾ ਅਤੇ ਉੱਚ ਟੈਰਿਫਾਂ ਨੂੰ ਅਮਰੀਕੀ ਨਿਰਯਾਤ ਲਈ ਰੁਕਾਵਟ ਵਜੋਂ ਦਰਸਾਇਆ। ਟਰੰਪ ਨੇ ਕਿਹਾ, "ਅਸੀਂ ਭਾਰਤ ਨਾਲ ਬਹੁਤ ਵਧੀਆ ਢੰਗ ਨਾਲ ਚੱਲਦੇ ਹਾਂ।" "ਪਰ ਭਾਰਤ, ਤੁਹਾਨੂੰ ਸਮਝਣਾ ਪਵੇਗਾ, ਕਈ ਸਾਲਾਂ ਤੋਂ, ਇਹ ਇੱਕਪਾਸੜ ਰਿਸ਼ਤਾ ਸੀ।" ਉਸਨੇ ਇੱਕ ਵਾਰ ਫਿਰ ਆਪਣੇ ਦੋਸ਼ ਨੂੰ ਦੁਹਰਾਇਆ ਕਿ ਅਮਰੀਕੀ ਨਿਰਯਾਤ 'ਤੇ ਭਾਰਤ ਦੇ ਟੈਰਿਫ "ਦੁਨੀਆ ਵਿੱਚ ਸਭ ਤੋਂ ਵੱਧ" ਹਨ। "ਭਾਰਤ ਸਾਡੇ ਤੋਂ ਬਹੁਤ ਜ਼ਿਆਦਾ ਟੈਰਿਫ ਵਸੂਲ ਰਿਹਾ ਸੀ, ਦੁਨੀਆ ਵਿੱਚ ਸਭ ਤੋਂ ਵੱਧ। ਉਹ ਦੁਨੀਆ ਵਿੱਚ ਸਭ ਤੋਂ ਵੱਧ, ਨੰਬਰ ਇੱਕ ਸਨ। ਅਤੇ ਇਸ ਲਈ ਅਸੀਂ ਭਾਰਤ ਨਾਲ ਜ਼ਿਆਦਾ ਕਾਰੋਬਾਰ ਨਹੀਂ ਕਰ ਰਹੇ ਸੀ। ਪਰ ਉਹ ਸਾਡੇ ਨਾਲ ਕਾਰੋਬਾਰ ਕਰ ਰਹੇ ਸਨ ਕਿਉਂਕਿ ਅਸੀਂ ਉਨ੍ਹਾਂ ਤੋਂ ਮੂਰਖਤਾ ਨਾਲ ਚਾਰਜ ਨਹੀਂ ਲੈ ਰਹੇ ਸੀ," ਉਸਨੇ ਅੱਗੇ ਕਿਹਾ। ਰਾਸ਼ਟਰਪਤੀ ਨੇ ਦਲੀਲ ਦਿੱਤੀ ਕਿ ਜਦੋਂ ਭਾਰਤ ਨੇ ਅਮਰੀਕੀ ਬਾਜ਼ਾਰ ਵਿੱਚ ਸਾਮਾਨ ਭੇਜਿਆ ਤਾਂ ਪਹਿਲਾਂ ਦੇ ਪ੍ਰਸ਼ਾਸਨ ਕਾਰਵਾਈ ਕਰਨ ਵਿੱਚ ਅਸਫਲ ਰਹੇ ਸਨ। "ਉਹ ਵੱਡੇ ਪੱਧਰ 'ਤੇ ਭੇਜਣਗੇ, ਤੁਸੀਂ ਜਾਣਦੇ ਹੋ, ਉਹ ਸਭ ਕੁਝ ਜੋ ਉਨ੍ਹਾਂ ਨੇ ਬਣਾਇਆ ਹੈ... ਸਾਡੇ ਦੇਸ਼ ਵਿੱਚ ਡੋਲ੍ਹ ਦਿਓ। ਇਸ ਲਈ, ਇਹ ਇੱਥੇ ਨਹੀਂ ਬਣਾਇਆ ਜਾਵੇਗਾ। ਪਰ ਅਸੀਂ ਕੁਝ ਵੀ ਨਹੀਂ ਭੇਜਾਂਗੇ, ਕਿਉਂਕਿ ਉਹ ਸਾਡੇ ਤੋਂ 100 ਪ੍ਰਤੀਸ਼ਤ ਟੈਰਿਫ ਵਸੂਲ ਰਹੇ ਸਨ," ਟਰੰਪ ਨੇ ਟਿੱਪਣੀ ਕੀਤੀ। ਵਿਸ਼ਵ ਵਪਾਰ ਸੰਗਠਨ ਅਤੇ ਵਿਸ਼ਵ ਬੈਂਕ ਦੇ ਅੰਕੜਿਆਂ ਦੇ ਅਨੁਸਾਰ, ਭਾਰਤ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਟੈਰਿਫ ਨਹੀਂ ਹਨ। ਹਾਲਾਂਕਿ, ਇਹ ਆਪਣੇ ਕਿਸਾਨਾਂ ਦੀ ਰੱਖਿਆ ਲਈ ਖੇਤੀਬਾੜੀ ਵਰਗੇ ਖਾਸ ਖੇਤਰਾਂ ਵਿੱਚ ਉੱਚ ਲੇਵੀ ਲਗਾਉਂਦਾ ਹੈ। ਅਮਰੀਕੀ ਰਾਸ਼ਟਰਪਤੀ ਇੱਕ ਵਾਰ ਫਿਰ ਆਪਣੇ ਪਹਿਲੇ ਕਾਰਜਕਾਲ ਵਿੱਚ ਭਾਰਤ ਵੱਲੋਂ ਹਾਰਲੇ-ਡੇਵਿਡਸਨ ਮੋਟਰਸਾਈਕਲਾਂ 'ਤੇ ਲਗਾਏ ਗਏ ਭਾਰੀ ਟੈਰਿਫ ਤੋਂ ਆਪਣੀ ਅਕਸਰ ਦਿੱਤੀ ਗਈ ਉਦਾਹਰਣ ਵੱਲ ਵਾਪਸ ਪਰਤ ਆਏ। "ਹਾਰਲੇ-ਡੇਵਿਡਸਨ ਭਾਰਤ ਵਿੱਚ ਨਹੀਂ ਵੇਚ ਸਕਦੇ ਸਨ। ਇੱਕ ਮੋਟਰਸਾਈਕਲ 'ਤੇ 200 ਪ੍ਰਤੀਸ਼ਤ ਟੈਰਿਫ ਸੀ। ਤਾਂ, ਕੀ ਹੁੰਦਾ ਹੈ? ਹਾਰਲੇ-ਡੇਵਿਡਸਨ ਭਾਰਤ ਗਿਆ ਅਤੇ ਇੱਕ ਮੋਟਰਸਾਈਕਲ ਪਲਾਂਟ ਬਣਾਇਆ, ਅਤੇ ਹੁਣ ਉਨ੍ਹਾਂ ਨੂੰ ਟੈਰਿਫ ਨਹੀਂ ਦੇਣਾ ਪੈਂਦਾ," ਟਰੰਪ ਨੇ ਕਿਹਾ। ਹਾਰਲੇ-ਡੇਵਿਡਸਨ ਨੇ ਅਸਲ ਵਿੱਚ ਹਰਿਆਣਾ ਵਿੱਚ ਇੱਕ ਅਸੈਂਬਲੀ ਪਲਾਂਟ ਬਣਾਇਆ ਸੀ ਪਰ ਵਿਕਰੀ ਦੀ ਘਾਟ ਕਾਰਨ 2020 ਵਿੱਚ ਇਸਨੂੰ ਬੰਦ ਕਰ ਦਿੱਤਾ। ਭਾਰਤ ਸਰਕਾਰ ਨੇ ਫਰਵਰੀ ਵਿੱਚ ਵਿਦੇਸ਼ੀ ਮੋਟਰਸਾਈਕਲਾਂ 'ਤੇ ਆਯਾਤ ਡਿਊਟੀ 50 ਪ੍ਰਤੀਸ਼ਤ ਤੋਂ ਘਟਾ ਕੇ 30-40 ਪ੍ਰਤੀਸ਼ਤ ਕਰ ਦਿੱਤੀ ਸੀ। ਟਰੰਪ ਪ੍ਰਸ਼ਾਸਨ ਨੇ ਅਗਸਤ ਵਿੱਚ ਭਾਰਤੀ ਆਯਾਤ 'ਤੇ ਅਚਾਨਕ 25 ਪ੍ਰਤੀਸ਼ਤ ਟੈਰਿਫ ਲਗਾਉਣ ਤੋਂ ਪਹਿਲਾਂ ਭਾਰਤ ਅਤੇ ਅਮਰੀਕਾ ਮਹੀਨਿਆਂ ਤੋਂ ਵਪਾਰਕ ਗੱਲਬਾਤ ਵਿੱਚ ਰੁੱਝੇ ਹੋਏ ਸਨ, ਬਾਅਦ ਵਿੱਚ ਨਵੀਂ ਦਿੱਲੀ ਵੱਲੋਂ ਰੂਸੀ ਤੇਲ ਦੀ ਖਰੀਦ 'ਤੇ ਇਨ੍ਹਾਂ ਨੂੰ ਵਧਾ ਕੇ 50 ਪ੍ਰਤੀਸ਼ਤ ਕਰ ਦਿੱਤਾ ਗਿਆ।




# ਸ਼ਿਕਾਗੋ ਵਿੱਚ ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਵਿਰੋਧ

**ਸੈਕਰਾਮੈਂਟੋ ਹੁਸਨ ਲੜੋਆ ਬੰਗਾ**

ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲੇਬਰ ਡੇ ਹਫਤੇ ਦੇ ਅੰਤ 'ਤੇ ਹੋਈ ਹਿੰਸਾ ਤੋਂ ਬਾਅਦ ਸ਼ਿਕਾਗੋ ਵਿੱਚ ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਸਥਾਨਕ ਤੇ ਸਟੇਟ ਆਗੂਆਂ ਨੇ ਵਿਰੋਧ ਕੀਤਾ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਸ਼ਿਕਾਗੋ ਵਿੱਚ ਇਮੀਗ੍ਰੇਸ਼ਨ ਛਾਪੇਮਾਰੀ ਹੋਵੇਗੀ ਤੇ ਨੈਸ਼ਨਲ ਗਾਰਡ ਲਾਸ ਏਂਜਲਸ ਤੇ ਵਾਸ਼ਿੰਗਟਨ ਡੀ ਸੀ ਵਾਂਗ ਤਾਇਨਾਤ ਕੀਤੇ ਜਾਣਗੇ। ਰਾਜ ਦੇ ਗਵਰਨਰ ਜੇ ਬੀ ਪ੍ਰਿਟਜ਼ਕਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਟਰੰਪ ਕੇਵਲ ਆਪਣੀ ਤਾਕਤ ਅਜ਼ਮਾ ਰਿਹਾ ਹੈ, ਉਸ ਦੀ ਇਸ ਕਾਰਵਾਈ ਦਾ ਅਪਰਾਧ ਨਾਲ ਲੜਣ ਜਾਂ ਸ਼ਿਕਾਗੋ ਨੂੰ ਸੁਰੱਖਿਅਤ ਬਣਾਉਣ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਗਵਰਨਰ ਨੇ ਹੋਰ ਕਿਹਾ ਟਰੰਪ ਆਪਣੇ ਲਾਲਚ ਦੀ ਪੂਰਤੀ ਲਈ ਦੇਸ਼ ਤੋੜ ਰਿਹਾ ਹੈ। ਸ਼ਿਕਾਗੋ ਪੁਲਿਸ ਵਿਭਾਗ ਅਨੁਸਾਰ ਪਿਛਲੇ ਹਫਤੇ ਦੇ ਅੰਤ ਵਿੱਚ ਹੋਈ ਹਿੰਸਾ ਵਿੱਚ ਘੱਟੋ ਘੱਟ 8 ਵਿਅਕਤੀ ਮਾਰੇ ਗਏ ਹਨ ਤੇ 50 ਹੋਰ ਜ਼ਖਮੀ ਹੋਏ ਹਨ ਜਿਸ ਉਪਰੰਤ ਰਾਸ਼ਟਰਪਤੀ ਨੇ ਨੈਸ਼ਨਲ ਗਾਰਡ ਭੇਜਣ ਦਾ ਐਲਾਨ ਕੀਤਾ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ® CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

**LOVEPREET KAUR**
NMLS #1473924
Office: 209-900-1994
209-497-4588
lkaur@lendingassets.com

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

EQUAL HOUSING OPPORTUNITY



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**




ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।




**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**




Ria® MONEY TRANSFER

**INDIA ਪੈਸੇ ਭੇਜਣ ਲਈ**

**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**

**Contact Number**

**+1 (209) 537-5702**

ਸਾਂਝੀ ਸੋਚ SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਬ਼ਗਾਵਤੀ ਸੁਰ ਦਾ ਕਾਵਿ ਗਿਰਗਟਾਂ ਦਾ ਮੌਸਮ



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.




ਸੁਖਿੰਦਰ ਨੇ 13 ਮਾਰਚ 2025 ਦੇ ਹਲਫ਼ਨਾਮੇ ਵਿੱਚ ਲਿਖਿਆ ਹੈ ਕਿ ਉਹ ਕੈਨੇਡਾ ਵਿੱਚ ਪਿਛਲੇ 50 ਵਰ੍ਹਿਆਂ ਤੋਂ ਰਹਿ ਰਿਹਾ ਹੈ। ਉਹਨੇ ਹੁਣ ਤੱਕ 50 ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ 1975 ਵਿੱਚ ਕੈਨੇਡਾ ਆ ਗਿਆ ਸੀ। ਉਹਦਾ ਮਤਿ ਹੈ ਕਿ ਜੇ ਉਹ 1975 ਵਿੱਚ ਕੈਨੇਡਾ ਨਾ ਆਉਂਦਾ ਤਾਂ ਉਹ ਕਦੇ ਵੀ ਪੰਜਾਬੀ ਦਾ ਸਾਹਿਤਕਾਰ ਨਾ ਬਣਦਾ, ਸਗੋਂ ਕਿਸੇ ਭਾਰਤੀ ਕਾਲਜ/ਯੂਨੀਵਰਸਿਟੀ ਵਿੱਚ ਅੰਗਰੇਜ਼ੀ ਦਾ ਪ੍ਰੋਫ਼ੈਸਰ ਹੋਣਾ ਸੀ। ਕੈਨੇਡਾ ਆ ਕੇ ਵੀ ਪਹਿਲੇ 10 ਕੁ ਵਰ੍ਹੇ ਉਹਦਾ ਧਿਆਨ ਅੰਗਰੇਜ਼ੀ ਸਾਹਿਤ, ਅੰਗਰੇਜ਼ੀ ਸਾਹਿਤ ਆਲੋਚਨਾ, ਅੰਗਰੇਜ਼ੀ ਸੰਗੀਤ, ਅੰਗਰੇਜ਼ੀ ਫ਼ਿਲਮਾਂ, ਅੰਗਰੇਜ਼ੀ ਨਾਟਕਾਂ, ਅੰਗਰੇਜ਼ੀ ਖਾਣਪੀਣ ਵੱਲ ਹੀ ਰਿਹਾ ਸੀ। ਇਸ ਦੌਰਾਨ ਉਹ ਵਧੇਰੇ ਕਰਕੇ ਅੰਗਰੇਜ਼ੀ ਦੇ ਲੇਖਕਾਂ ਨੂੰ ਹੀ ਮਿਲਦਾ ਰਿਹਾ ਤੇ ਅੰਗਰੇਜ਼ੀ ਮੈਗਜ਼ੀਨਾਂ ਵਿੱਚ ਹੀ ਛਪਿਆ। ਉਹ ਉਦੋਂ ਅੰਗਰੇਜ਼ੀ ਸਾਹਿਤ ਸਭਾਵਾਂ ਵਿੱਚ ਹੀ ਜਾਂਦਾ ਸੀ ਤੇ ਰਾਈਟਰਜ਼ ਯੂਨੀਅਨ ਆਫ਼ ਕੈਨੇਡਾ ਦਾ ਮੈਂਬਰ ਹੁੰਦਾ ਹੋਇਆ ਇਸਦੀਆਂ ਕਾਨਫਰੰਸਾਂ ਵਿੱਚ ਹੀ ਹਿੱਸਾ ਲੈਂਦਾ ਸੀ।

ਮੇਰੇ ਸਨਮੁੱਖ ਸੁਖਿੰਦਰ ਦੀ 25ਵੀਂ ਕਾਵਿ-ਕਿਤਾਬ ਹੈ 'ਗਿਰਗਟਾਂ ਦਾ ਮੌਸਮ' (ਪ੍ਰਕਾਸ਼ਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ, ਪੰਨੇ 184, ਮੁੱਲ 150/- )। ਕਿਤਾਬ ਵਿਚਲੀਆਂ ਕਵਿਤਾਵਾਂ ਦੀ ਚਰਚਾ ਕਰਨ ਤੋਂ ਪਹਿਲਾਂ ਸੁਖਿੰਦਰ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵੇਖੀਏ ਤਾਂ ਇਨ੍ਹਾਂ ਦੀ ਗਿਣਤੀ (ਕਵੀ ਦੇ ਸਵੈਕਥਨ ਅਨੁਸਾਰ) 50 ਹੀ ਬਣਦੀ ਹੈ। ਜਿਸ ਵਿੱਚ ਵਿਗਿਆਨ (3), ਕਵਿਤਾ (24), ਆਲੋਚਨਾ (4), ਵਾਰਤਕ (5), ਸੰਪਾਦਨ (8), ਨਾਵਲ (3), ਬੱਚਿਆਂ ਲਈ (1) ਅਤੇ ਅੰਗਰੇਜ਼ੀ (2) ਕਿਤਾਬਾਂ ਸ਼ਾਮਲ ਹਨ। 'ਗਿਰਗਟਾਂ ਦਾ ਮੌਸਮ' ਵਿੱਚ 83 ਕਵਿਤਾਵਾਂ ਹਨ ਤੇ ਲੱਗਭੱਗ ਸਾਰੀਆਂ ਹੀ ਵਿਅੰਗ ਦੀ ਚਾਸ਼ਣੀ ਵਿੱਚ ਡੁਬੋ ਕੇ ਲਿਖੀਆਂ ਗਈਆਂ ਹਨ। ਇਸ ਸੰਗ੍ਰਹਿ ਦੀਆਂ ਮੁੱਢਲੀਆਂ ਕੁਝ ਕਵਿਤਾਵਾਂ (21) ਪਿਛਲੇ ਵਰ੍ਹੇ (2024) ਦੀ ਰਚਨਾ ਹਨ ਜਦਕਿ ਬਾਕੀ ਦੀਆਂ (62) ਕਵਿਤਾਵਾਂ ਏਸੇ ਸਾਲ (2025) ਵਿੱਚ ਰਚੀਆਂ ਗਈਆਂ ਹਨ।

ਕਵੀ ਦਾ ਮੰਨਣਾ ਹੈ ਕਿ ਕਵਿਤਾ ਵਿੱਚ ਆਪਣੇ ਸ਼ਹਿਰ/ਪ੍ਰਾਂਤ ਦੇ ਲੋਕਾਂ ਦੀਆਂ ਸੰਵੇਦਨਾਵਾਂ ਨੂੰ ਪ੍ਰਗਟ ਕੀਤਾ ਜਾਣਾ ਚਾਹੀਦਾ ਹੈ; ਸਭਿਆਚਾਰ, ਵਿਰਸਾ, ਭਾਈਚਾਰਾ, ਸੰਘਰਸ਼ ਕਰਦੇ ਲੋਕਾਂ, ਨਸ਼ੇ 'ਚ ਡੁੱਬੇ ਲੋਕਾਂ ਦਾ ਜ਼ਿਕਰ ਕਰਨਾ ਵੀ ਕਵਿਤਾ ਦੇ ਵਿਸ਼ੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਕਵਿਤਾ ਨੂੰ ਪਰਿਭਾਸ਼ਿਤ ਕਰਦਿਆਂ ਸੁਖਿੰਦਰ ਖੁੱਲ੍ਹੇਆਮ ਐਲਾਨ ਕਰਦਾ ਹੈ:

ਕਵਿਤਾ ਮਹਿਜ਼
ਸ਼ਬਦਾਂ ਨੂੰ ਜੋੜ ਕੇ
ਟੀਨ-ਕਨਸਤਰ ਵਾਲਾ
ਸ਼ੋਰ ਪਾਉਣਾ ਹੀ ਨਹੀਂ ਹੁੰਦਾ
ਕਵਿਤਾ ਤੁਹਾਡੇ
ਧਰਤੀ, ਹਵਾ, ਪਾਣੀ ਨਾਲ
ਜੁੜੇ ਹੋਣ ਦਾ ਪ੍ਰਤੱਖ
ਇੱਕ ਪ੍ਰਮਾਣ ਹੁੰਦੀ ਹੈ
ਕਵਿਤਾ ਤਾਂ
ਤੁਹਾਡੇ ਦਿਲ, ਦਿਮਾਗ਼, ਰੂਹ
ਤੁਹਾਡੇ ਸਮੁੱਚੇ ਜਿਸਮ ਦੀ
ਆਵਾਜ਼ ਹੁੰਦੀ ਹੈ
ਕਵਿਤਾ ਤਾਂ
ਤਾਜ਼ਾ ਹਵਾ ਦਾ ਬੁੱਲਾ ਹੁੰਦੀ ਹੈ
ਸਾਂਝੀਵਾਲਤਾ, ਅਮਨ ਦਾ ਸੁਨੇਹਾ ਹੁੰਦੀ ਹੈ
ਬਾਗਾਂ 'ਚ ਉਡ ਰਹੀਆਂ ਤਿਤਲੀਆਂ ਦਾ ਅਹਿਸਾਸ
ਹੁੰਦੀ ਹੈ
ਗੁਲਾਬ ਦੀ ਫੈਲ ਰਹੀ ਮਹਿਕ
ਦਾ ਅਨੁਭਵ ਹੁੰਦੀ ਹੈ (77)

ਸੰਗ੍ਰਹਿ ਦੀਆਂ ਜ਼ਿਆਦਾਤਰ ਕਵਿਤਾਵਾਂ ਸਮਕਾਲੀ/ਤਤਕਾਲੀ ਘਟਨਾਵਾਂ ਨੂੰ ਆਧਾਰ ਬਣਾ ਕੇ ਹੋਂਦ ਵਿੱਚ ਆਈਆਂ ਹਨ, ਪਰ ਇਨ੍ਹਾਂ ਵਿੱਚ ਸਰਬਕਾਲੀ ਹੋਣ ਦੀ ਸੰਭਾਵਨਾ ਹੈ। ਅਜਿਹੀਆਂ ਕਵਿਤਾਵਾਂ ਵਿੱਚ ਇੱਕ ਚਪੇੜ ਦੀ ਗੂੰਜ (66), ਚਿੱਟਾ ਕੁਈਨ (80), ਪਹਿਲਗਾਮ (111), ਬਲਾਤਕਾਰੀਆਂ ਦਾ ਦੇਸ (45), ਤੰਦੂਰ ਓਪਰੇਸ਼ਨ (130), ਜੁਮਲਾ ਰਾਜਨੀਤੀ (95) ਆਦਿ ਨੂੰ ਰੱਖਿਆ ਜਾ ਸਕਦਾ ਹੈ। ਕ੍ਰਾਂਤੀ ਦੀ ਭਾਸ਼ਾ ਵਰਤਦਿਆਂ ਕਵੀ ਲਿਖਦਾ ਹੈ :

ਇੱਕ ਚਪੇੜ ਦੀ ਗੂੰਜ ਵੀ
ਕਈ ਵੇਰ ਦੇਸ਼-ਦੇਸ਼ਾਂਤਰਾਂ ਤੱਕ
ਇੰਜ ਧਮਕ ਪਾ ਦਿੰਦੀ ਹੈ
ਜਿਵੇਂ ਕਦੀ ਭਗਤ ਸਿੰਘ, ਬੀ ਕੇ ਦੱਤ ਵੱਲੋਂ
ਦਿੱਲੀ ਅਸੈਂਬਲੀ ਵਿੱਚ ਮਹਿਜ਼
ਧੂੰਆਂ ਅਤੇ ਆਵਾਜ਼ ਪੈਦਾ ਕਰਨ ਵਾਲੇ
ਸੁੱਟੇ ਗਏ ਬੰਬਾਂ ਨੇ ਲੰਡਨ ਤੱਕ
ਬੋਲ਼ੇ ਕੰਨਾਂ ਵਾਲੀਆਂ ਬੇਰਹਿਮ, ਕਠੋਰ, ਘੁਮੰਡੀ
ਹਕੂਮਤੀ ਸ਼ਕਤੀਆਂ ਨੂੰ ਥਰ ਥਰ
ਕੰਬਣ ਲਗਾ ਦਿੱਤਾ ਸੀ
(66)

ਵਿਸ਼ਵ ਰਾਜਨੀਤੀ ਤੋਂ ਵੀ ਕਵੀ ਅਣਭਿੱਜ ਨਹੀਂ ਰਿਹਾ। ਉਹਨੇ ਰੂਸ-ਯੂਕਰੇਨ ਜੰਗ, ਭਾਰਤ-ਪਾਕਿ ਜੰਗ ਦੇ ਨਾਲ ਨਾਲ ਹੋਰ ਮੁਲਕਾਂ ਵਿੱਚ ਚੱਲਦੀ ਜੰਗ ਨਾਲ ਸੰਬੰਧਿਤ ਸਿੱਧੇ ਤੌਰ ਤੇ ਕਰੀਬ 15 ਕੁ ਕਵਿਤਾਵਾਂ ਲਿਖੀਆਂ ਹਨ। ਕੁਝ ਕਵਿਤਾਵਾਂ ਦੇ ਸਿਰਲੇਖਾਂ ਤੋਂ ਹੀ ਜੰਗ ਦਾ ਬੋਧ ਹੋ ਜਾਂਦਾ ਹੈ - ਚਲੋ ਜੰਗ ਲੜੀਏ (120), ਜੰਗ ਵੀ ਇੱਕ ਧੰਦਾ ਹੈ (122), ਜੰਗ ਦਾ ਮਾਹੌਲ (124), ਜੰਗ ਦਾ ਅਹਿਸਾਸ (128), ਜੰਗਬੰਦੀ (138), ਜੰਗ ਇੱਕ ਖੇਡ (144), ਜੰਗ ਦੀ ਬੋਲੀ (147) ਆਦਿ। ਇਸੇ ਤਰ੍ਹਾਂ ਦਹਿਸ਼ਤ (126), ਚਾਬੀ ਵਾਲੇ ਖਿਡੌਣੇ ਬਾਂਦਰ (136), ਦੋ ਗੁਆਂਢੀ ਦੇਸ਼ (142), ਸ਼ੀਸ਼ੇ ਦਾ ਘਰ (148) ਆਦਿ ਕਵਿਤਾਵਾਂ ਵੀ ਜੰਗ ਦੀ ਭਿਆਨਕਤਾ ਨਾਲ ਜੁੜੀਆਂ ਹੋਈਆਂ ਹਨ। ਹਕੂਮਤ ਵੱਲੋਂ ਰਚੀ ਜਾਂਦੀ ਰਾਜਨੀਤੀ ਨੂੰ ਬੇਪਰਦ ਕਰਦਾ ਹੋਇਆ ਕਵੀ ਲਿਖਦਾ ਹੈ :

ਹਕੂਮਤ ਹਮੇਸ਼ਾ
ਆਪਣੇ ਪਿਛਲੱਗ ਅੰਧਭਗਤਾਂ ਦੇ
ਦਿਮਾਗ਼ਾਂ ਦੀ ਬ੍ਰੇਨ ਵਾਸ਼ਿੰਗ ਕਰਕੇ
ਉਨ੍ਹਾਂ ਦੇ ਦਿਮਾਗ਼ਾਂ ਵਿੱਚ
ਹਿਜ਼ ਮਾਸਟਰਜ਼ ਵਾਇਸ ਦਾ ਸੰਦੇਸ਼
ਦੇਣ ਵਾਲੇ ਤਿੰਨ ਬਾਂਦਰਾਂ ਦੀਆਂ
ਆਵਾਜ਼ਾਂ ਭਰ ਦਿੰਦੀ ਹੈ -
- ਵਿਸ਼ਵ ਅਮਨ ਦੀ ਗੱਲ ਨ ਸੁਣੋ
- ਵਿਸ਼ਵ ਅਮਨ ਦੀ ਗੱਲ ਨ ਵੇਖੋ
- ਵਿਸ਼ਵ ਅਮਨ ਦੀ ਗੱਲ ਨ ਬੋਲੋ
(154)

ਕਵੀ ਨੇ ਧਾਰਮਿਕ ਮੁਖੌਟੇ ਪਹਿਨੀ ਲੋਕਾਂ ਨੂੰ ਬੇਪਰਦ ਕੀਤਾ ਹੈ। ਧਰਮ ਦੇ ਠੇਕੇਦਾਰ (61) ਕਿਸੇ ਵੀ ਔਰਤ ਨੂੰ ਬੇਪੱਤ ਕਰ ਸਕਦੇ ਹਨ। ਬੂਬਨਿਆਂ ਨੂੰ ਮਹਾਂਨਾਇਕ ਬਣਾ ਕੇ ਪੇਸ਼ ਕਰ ਸਕਦੇ ਹਨ। ਇਹ ਲੋਕ ਚਾਹੁਣ ਤਾਂ ਕਿਸੇ ਨੂੰ ਵੀ ਟੀਸੀ ਤੇ ਚੜ੍ਹਾ ਦਿੰਦੇ ਹਨ ਤੇ ਅਗਲੇ ਹੀ ਪਲ ਉਹਨੂੰ ਡੂੰਘੀ ਖਾਈ ਵਿੱਚ ਸੁੱਟ ਦਿੰਦੇ ਹਨ।ਸੁਖਿੰਦਰ ਨੇ ਸਾਹਿਤਕਾਰਾਂ ਦੇ ਇੱਕ ਵਰਗ ਨੂੰ ਗੈਂਗਸਟਰ ਸਾਹਿਤਕਾਰ (59) ਦਾ ਨਾਂ ਦਿੱਤਾ ਹੈ, ਜੋ ਸਾਹਿਤ-ਸੇਵਾ ਦੀ ਥਾਂ ਸਾਹਿਤ ਸਭਾਵਾਂ ਵਿੱਚ ਦਹਿਸ਼ਤ ਫੈਲਾਉਣ ਆਉਂਦੇ ਹਨ। ਕਵੀ ਨੇ ਅਜਿਹੇ ਬਹੁਤ ਸਾਰੇ ਸਾਹਿਤਕ ਸਮਾਗਮਾਂ ਵਿੱਚ ਸ਼ਿਰਕਤ ਕਰਨ ਪਿੱਛੋਂ ਨਤੀਜਾ ਕੱਢਿਆ ਹੈ ਕਿ ਆਮ ਕਰਕੇ ਇਨ੍ਹਾਂ ਸਾਹਿਤਕ ਸਭਾਵਾਂ/ਸਮਾਰੋਹਾਂ/ਕਾਨਫਰੰਸ ਵਿੱਚ ਸਾਹਿਤਕ ਗੈਂਗਸਟਰਾਂ ਦੀ ਭਰਮਾਰ/ਕਤਾਰ/ਦਰਬਾਰ ਹੈ :

ਗੈਂਗਸਟਰ ਸਾਹਿਤਕਾਰ ਨੇ
ਆਖਿਆ :
ਅਸੀਂ ਸਾਹਿਤ ਤੋਂ ਕੀ ਲੈਣਾ-
ਅਸੀਂ ਤਾਂ ਸਾਹਿਤ ਸਭਾਵਾਂ ਵਿੱਚ
ਆਪਣੀ ਧੌਂਸ ਦਿਖਾਉਣ ਆਉਂਦੇ ਹਾਂ
ਆਪਣੀ ਸਾਹਿਤਕ ਦਹਿਸ਼ਤ ਫੈਲਾਉਣ ਆਉਂਦੇ ਹਾਂ (59)

ਕਵੀ ਨੇ ਰਾਜਸੀ ਦਲ ਬਦਲੂਆਂ ਤੇ ਵੀ ਵਿਅੰਗ ਕਸਿਆ ਹੈ ਕਿ ਅਜਿਹੇ ਲੋਕ ਆਮ ਕਰਕੇ ਚੋਣਾਂ ਨੇੜੇ ਆਉਣ ਤੇ ਲੋਕਪ੍ਰਿਯ ਹੁੰਦੀ ਜਾ ਰਹੀ ਪਾਰਟੀ ਵਿੱਚ ਦਾਖ਼ਲ ਹੋ ਕੇ ਆਪਣੀ ਪਹਿਲੀ ਪਾਰਟੀ ਨੂੰ ਗੱਦਾਰ ਸਿੱਧ ਕਰਦੇ ਹੋਏ ਗਿਰਗਟ ਵਾਂਗ ਰੰਗ ਬਦਲ ਲੈਂਦੇ ਹਨ।

ਕਵੀ ਆਸਵੰਦ ਹੈ ਪੰਜਾਬ ਲਈ, ਪੰਜਾਬੀਆਂ ਲਈ। ਉਹ ਝੰਜੋੜਦਾ ਹੈ ਕਿ ਜੇਕਰ ਪੰਜਾਬੀਆਂ ਨੇ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਇਹਨੂੰ ਗੈਂਗਸਟਰ ਪੰਜਾਬੀ ਗਾਇਕਾਂ, ਗੋਲਕ ਚੋਰਾਂ, ਭ੍ਰਿਸ਼ਟ ਰਾਜਨੈਤਿਕਾਂ, ਠੱਗ ਟ੍ਰੈਵਲ ਏਜੰਟਾਂ, ਬਲਾਤਕਾਰੀ ਬਾਬਿਆਂ, ਮਿਲਾਵਟਖੋਰਾਂ ਤੋਂ ਸਾਵਧਾਨ/ਸੁਚੇਤ ਹੋਣ ਦੀ ਲੋੜ ਹੈ। ਕਵੀ ਦੀ ਚਿੰਤਾ ਜਾਇਜ਼ ਹੈ ਕਿ ਪੰਜਾਬੀ ਗਾਇਕੀ ਵਿੱਚ ਹੁਣ ਉਹ ਸੋਹਜ ਨਹੀਂ ਰਿਹਾ ਜਿਸਨੂੰ ਕਦੇ ਪੂਰਾ ਪਰਿਵਾਰ ਮਿਲ ਬੈਠ ਕੇ ਸੁਣ ਸਕਦਾ ਸੀ (14)। ਇਸ ਲੱਚਰ ਕਿਸਮ ਦੀ ਗਾਇਕੀ ਨੇ ਸਾਰੇ ਰਿਸ਼ਤੇ, ਮਿਆਰ, ਮਾਣ-ਸਤਿਕਾਰ ਨੂੰ ਇੰਨੀ ਢਾਹ ਲਾਈ ਹੈ ਕਿ ਸੱਸ, ਸਹੁਰਾ, ਨੂੰਹ, ਧੀ, ਮਾਂ, ਜਵਾਈ ਸ਼ਰਮ-ਹਯਾ ਦੇ ਪਰਦੇ ਲਾਹ ਕੇ "ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ, ਤੇਰੇ 'ਚੋਂ ਤੇਰਾ ਯਾਰ ਬੋਲਦਾ" ਜਾਂ "ਮੈਨੂੰ ਚੱਟ ਲੈ ਮੇਰਿਆ ਯਾਰਾ, ਮੈਂ ਸਾਰੀ ਖੰਡ ਬਣ ਗਈ" ਜਿਹੇ ਘਟੀਆ ਗੀਤਾਂ ਉੱਤੇ ਆਮ ਥਿਰਕਦੇ ਨਜ਼ਰ ਆਉਂਦੇ ਹਨ। (24)

ਕਵੀ ਸਾਨੂੰ ਸਾਵਧਾਨ/ਸੁਚੇਤ ਕਰਦਾ ਹੈ ਕਿ ਮੌਜੂਦਾ ਸਮੇਂ ਵਿੱਚ ਸੰਭਲ ਕੇ ਚੱਲਣ ਦੀ ਭਾਰੀ ਜ਼ਰੂਰਤ ਹੈ, ਕਿਉਂਕਿ :

ਇਹ
ਚਮਚਿਆਂ, ਕੜਛੀਆਂ,ਅੰਧਭਗਤਾਂ ਦਾ ਯੁਗ ਹੈ
ਕਦ ਕਿਸੀ ਅਦਾਰੇ ਦੀ
ਕੰਧ ਪਿੱਛੇ ਲੁਕੇ ਮੁਖੌਟਾਧਾਰੀ
ਕਿਸੀ ਘੜੰਮ ਚੌਧਰੀ ਦੇ ਗੜਵੱਈਏ
ਤੇਰੀ ਪਿੱਠ 'ਚ ਖੰਜਰ ਖੋਭ ਦੇਣ
ਜ਼ਰਾ, ਸੰਭਲ ਕੇ ਚੱਲ
(40)

ਪਰਵਾਸ ਅੱਜਕੱਲ੍ਹ ਇੱਕ ਵਿਸ਼ਵ ਵਿਆਪੀ ਵਰਤਾਰਾ ਹੈ। ਕੋਈ ਵਿਅਕਤੀ ਮਜਬੂਰੀ-ਵੱਸ ਹੀ ਪਰਵਾਸ ਧਾਰਨ ਕਰਦਾ ਹੈ। ਇਹ ਉਹਦੇ ਲਈ ਕੋਈ ਸ਼ੌਕ ਜਾਂ ਦਿਲਚਸਪੀ ਘੱਟ ਹੀ ਹੁੰਦਾ ਹੈ। ਪਰਵਾਸੀ ਆਦਮੀ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਭਾਸ਼ਾ, ਸਭਿਆਚਾਰ, ਖਾਣ-ਪੀਣ, ਰਹਿਣ-ਸਹਿਣ ਆਦਿ। ਅਜਿਹੀਆਂ ਹੋਰ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਆਤਮਸਾਤ ਕਰਦਾ ਹੋਇਆ ਪਰਵਾਸੀ ਵਿਅਕਤੀ ਕਿਵੇਂ ਤੰਗੀਆਂ-ਤੁਰਸ਼ੀਆਂ ਨਾਲ ਦੋ-ਚਾਰ ਹੁੰਦਾ ਹੈ। ਉਹ ਜਿਸ ਤਰ੍ਹਾਂ ਦੇ ਕਾਨੂੰਨੀ/ਗੈਰ ਕਾਨੂੰਨੀ, ਪਸੰਦੀਦਾ/ਨਾ ਪਸੰਦ ਧੰਦਿਆਂ ਨੂੰ ਕਰਦਾ ਹੈ, ਅਜਿਹੇ ਤੱਥਾਂ ਦੀ ਨਿਸ਼ਾਨਦੇਹੀ ਵੀ ਇਸ ਸੰਗ੍ਰਹਿ ਵਿੱਚ ਹੋਈ ਹੈ, ਜਿਨ੍ਹਾਂ ਵਿੱਚ ਆਪਣੇ ਲੋਕ (161), ਬਰੈਂਪਟਨ ਵੀ ਪੰਜਾਬ ਵਰਗਾ ਹੀ ਲੱਗਦਾ (163), ਭੱਈਏ (166), ਡਿਪ੍ਰੈਸ਼ਨ (168) ਜਿਹੀਆਂ ਕਵਿਤਾਵਾਂ ਸ਼ਾਮਲ ਹਨ। ਇਨ੍ਹਾਂ ਕਵਿਤਾਵਾਂ 'ਚੋਂ ਕੁਝ ਉਦਾਹਰਣਾਂ :

ਆਪਣੇ ਹੀ ਲੋਕ
ਬਰੈਂਪਟਨ, ਮਿਸੀਸਾਗਾ, ਟੋਰਾਂਟੋ,
ਕੈਲਗਰੀ, ਸਰੀ ਵਿੱਚ
ਅੱਲ੍ਹੜ ਉਮਰ ਦੀ ਜੁਆਨੀ
ਦੀਆਂ
ਮਜਬੂਰੀਆਂ ਦਾ ਲਾਭ ਉਠਾ ਉਨ੍ਹਾਂ
ਨੂੰ
ਜਿਸਮ ਵੇਚਣ, ਨਸ਼ਿਆਂ ਦਾ ਧੰਦਾ
ਕਰਨ ਦੀ
ਦਲਦਲ ਵੱਲ ਧਕੇਲਦੇ ਹਨ
ਉਨ੍ਹਾਂ ਦੇ ਤਨ ਮਨ ਦੀ
ਆਹੂਤੀ ਬਾਲਦੇ ਹਨ
(161)

ਜਿਵੇਂ ਯੂਪੀ, ਬਿਹਾਰ ਦੇ ਮਜ਼ਦੂਰ
ਪੰਜਾਬ ਆ ਕੇ ਭੱਈਏ ਬਣ ਜਾਂਦੇ
ਹਨ
ਉਸ ਤਰ੍ਹਾਂ ਹੀ
ਇੰਡੀਆ, ਪਾਕਿਸਤਾਨ,
ਬੰਗਲਾਦੇਸ਼, ਨੇਪਾਲ ਦੇ ਲੋਕ
ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ
ਆ ਕੇ
ਭੱਈਏ ਕਹਿਲਾਂਦੇ ਹਨ
(166)

ਉਹ ਗੱਲਾਂ ਗੱਲਾਂ ਵਿੱਚ
ਦੱਸਦਾ ਹੈ ਉਸਨੇ
ਕੈਨੇਡਾ ਦਾ ਵੀਜ਼ਾ ਲੈਣ ਲਈ
ਆਪਣੀ ਪੈਲੀ ਗਹਿਣੇ ਰੱਖ ਕੇ
ਪੂਰੇ 35 ਲੱਖ ਰੁਪਏ
ਇਮੀਗ੍ਰੇਸ਼ਨ ਏਜੰਟ ਦੀ
ਝੋਲੀ ਪਾਏ ਸਨ
(168)

ਹੁਣ ਜੇ ਕਵੀ ਦੇ ਹਲਫ਼ਨਾਮੇ (ਆਰੰਭ ਵਿੱਚ ਅੰਕਿਤ) ਨੂੰ ਵੇਖੀਏ ਤਾਂ ਸਪਸ਼ਟ ਕਿਹਾ ਜਾ ਸਕਦਾ ਹੈ ਕਿ ਜਿੰਨਾ ਕੰਮ ਉਹਨੇ ਪੰਜਾਬੀ ਸਾਹਿਤ, ਵਿਸ਼ੇਸ਼ ਕਰਕੇ ਕਵਿਤਾ ਲਈ ਕੀਤਾ ਹੈ, ਉਹ ਅੰਗਰੇਜ਼ੀ ਵਿੱਚ ਨਹੀਂ ਸੀ ਕਰ ਸਕਦਾ। ਉਹਦਾ ਵਿਰਸਾ, ਉਹਦਾ ਪਿਛੋਕੜ (ਪਿਤਾ ਸ. ਹਰੀ ਸਿੰਘ ਜਾਚਕ; ਦੋਵੇਂ ਵੱਡੇ ਭਰਾ ਡਾ. ਸੁਤਿੰਦਰ ਸਿੰਘ ਨੂਰ, ਡਾ. ਗੁਰਭਗਤ ਸਿੰਘ) ਸਭ ਕੁਝ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜਿਆ ਹੋਇਆ ਹੈ। ਵਿਦੇਸ਼ੀ ਧਰਤੀ ਤੇ ਰਹਿ ਕੇ ਪੰਜਾਬੀ ਸਾਹਿਤ ਰਚਨਾ ਕਰਨੀ ਉਹਦੀ ਜ਼ਿਕਰਯੋਗ ਪ੍ਰਾਪਤੀ ਹੈ ਤੇ ਇਸ ਪ੍ਰਾਪਤੀ ਤੇ ਸਾਨੂੰ ਸਾਰਿਆਂ ਨੂੰ ਫ਼ਖ਼ਰ ਕਰਨਾ ਚਾਹੀਦਾ ਹੈ। ਕਵੀ ਨੂੰ ਉਮੀਦ ਹੈ ਕਿ ਛੇਤੀ ਹੀ ਉਹ ਰਾਂਗਲੇ ਦਿਨ ਪਰਤਣਗੇ, ਜਦੋਂ ਅਸੀਂ ਚੈਨ ਤੇ ਅਮਨ ਵਿੱਚ ਪਿਆਰ, ਦੋਸਤੀ ਤੇ ਸਾਂਝੀਵਾਲਤਾ ਦੀਆਂ ਹਵਾਵਾਂ ਦਾ ਨਿੱਘ ਮਾਣ ਸਕਾਂਗੇ। ਕਵੀ ਚਾਹੁੰਦਾ ਹੈ :

ਸਾਨੂੰ ਤਾਂ ਦੱਸੋ
ਧਰਤੀ ਦੇ ਇਸ ਹਿੱਸੇ ਵਿੱਚ
ਅਮਨ, ਪਿਆਰ, ਦੋਸਤੀ ਦੀ ਹਵਾ
ਕਦੋਂ ਵਗਣ ਲੱਗੇਗੀ
ਕਦੋਂ ਧਰਤੀ ਦੇ ਇਸ ਹਿੱਸੇ ਦੇ
ਲੋਕ ਵੀ ਬੰਦੂਕ, ਬੰਬਾਂ, ਟੈਂਕਾਂ ਦੀਆਂ
ਗੱਲਾਂ ਕਰਨ ਦੀ ਥਾਂ
ਸੁਰਖ਼ ਗੁਲਾਬਾਂ ਦੀਆਂ
ਗੱਲਾਂ ਕਰਨ ਲੱਗਣਗੇ
(99)

ਕਵੀ ਨੇ ਵਿਭਿੰਨ ਵਿਸ਼ਿਆਂ ਨੂੰ ਆਪਣੀ ਕਵਿਤਾ ਦੇ ਅੰਤਰਗਤ ਪੇਸ਼ ਕਰਨ ਦੀ ਸੁਚੱਜੀ ਕੋਸ਼ਿਸ਼ ਕੀਤੀ ਹੈ ਤੇ ਇਸ ਕੋਸ਼ਿਸ਼ ਵਿੱਚ ਉਹਨੇ ਕੋਈ ਭਾਰੀ-ਭਰਕਮ ਜਾਂ ਡਿਕਸ਼ਨਰੀਆਂ ਰਾਹੀਂ ਸਮਝੇ ਜਾ ਸਕਣ ਵਾਲੇ ਪੰਡਿਤਾਊ ਸ਼ਬਦਾਂ ਦਾ ਬੋਝ ਨਹੀਂ ਪਾਇਆ। ਇਨ੍ਹਾਂ ਕਵਿਤਾਵਾਂ ਵਿੱਚ ਜਨ-ਸਧਾਰਨ ਦੇ ਸਮਝ ਵਿੱਚ ਆਉਣ ਵਾਲੀ ਅਲੰਕਾਰ-ਰਹਿਤ ਤੇ ਚਿੰਨ੍ਹ-ਮੁਕਤ ਭਾਸ਼ਾ ਵਰਤੀ ਗਈ ਹੈ।

ਮੈਨੂੰ ਉਮੀਦ ਹੀ ਨਹੀਂ ਸਗੋਂ ਪੂਰਨ ਵਿਸ਼ਵਾਸ ਹੈ ਕਿ ਜਦੋਂ ਵੀ ਪੰਜਾਬੀ ਸਾਹਿਤ ਵਿੱਚ ਸਥਾਪਤੀ ਵਿਰੋਧੀ ਕਵਿਤਾ/ ਬ਼ਗਾਵਤੀ ਸੁਰ ਦੀ ਕਵਿਤਾ ਦਾ ਜ਼ਿਕਰ ਛਿੜੇਗਾ, ਸੁਖਿੰਦਰ ਦੇ ਇਸ ਸੰਗ੍ਰਹਿ 'ਗਿਰਗਟਾਂ ਦਾ ਮੌਸਮ' ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕੇਗਾ। ਕਵੀ ਨੇ ਇਸ ਵਿੱਚ ਹਰ ਤਰ੍ਹਾਂ ਦੇ ਭ੍ਰਿਸ਼ਟ, ਮੁਖੌਟੇਧਾਰੀ, ਚਾਲਬਾਜ਼, ਝੋਲੀਚੁੱਕ ਕਿਰਦਾਰ ਨੂੰ ਨੰਗਿਆਂ ਕੀਤਾ ਹੈ, ਜੋ ਚੰਦ ਚਾਂਦੀ ਦੇ ਟੁਕੜਿਆਂ, ਤਮਗ਼ਿਆਂ, ਪੁਰਸਕਾਰਾਂ ਦੇ ਲਾਲਚ ਵਿੱਚ ਆਪਣੀ ਜ਼ਮੀਰ ਤੱਕ ਨੂੰ ਵੇਚ ਦਿੰਦਾ ਹੈ।

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਪੰਜਾਬੀ ਵਿੱਚ।


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
DOT DRUG TEST EVERYTHING YOU NEED TO KNOW
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

Gillson TRUCKING INC

NOW HIRING
TRUCK DRIVERS
CLASS A CDL



✓ Signing Bonus
✓ Top pay
✓ Mileage Pay
✓ Great Benefits
✓ Over the Road or Local Routes
✓ Reefers and Dry Van Operations
✓ No touch freight



SKILLS
✓ Responsible truck driver.
✓ Experience with electronic equipment.
✓ Ability to travel regularly.
✓ Adaptivity and foresight to handle unexpected situations (traffic, weather conditions and roads, etc.)

RESPONSIBILITIES
✓ Safely operating assigned vehicles.
✓ The Vehicles are maintained and serviced as needed.
✓ Report any vehicle defects for repair.
✓ Make safety a priority at all times.
✓ Comply with standard federal laws and with company. policies and procedures.

PAY
✓ Average pay: $0.45-$0.60 cents/mile
✓ Weekly direct deposits
✓ Bonuses for clean inspections
✓ High mileage bonuses

NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# ivps

## India Visa & Passport Services

### ਸਾਰੇ ਹੀ ਕੰਮ ਬਹੁਤ ਹੀ ਸਸਤੇ ਰੇਟਾਂ ਤੇ ਕੀਤੇ ਜਾਂਦੇ ਹਨ।

| ਸੇਵਾਵਾਂ | SERVICES |
|---|---|
| ਪਾਸਪੋਰਟ ਨਵਾ ਬਣਾਉਣਾ ਹੋਵੇ ਜਾਂ ਉਸ ਦੀ ਤਰੀਕ ਵਧਾਉਣੀ ਹੋਵੇ | New or Renew Passport Application |
| ਇੰਡੀਆ ਜਾਣ ਲਈ ਵਾਪਸੀ ਪੱਤਰ ਲੈ ਕੇ ਪੱਕੇ ਤੋਰ ਤੇ ਇੰਡੀਆ ਜਾਣਾ ਹੋਵੇ | Emergency Certificate (EC)-Travel Document |
| ਇੰਡੀਆ ਦਾ ਵੀਜ਼ਾ ਲੈਣਾ ਹੋਵੇ | Sticker Visa or Evisa Application |
| Surrender ਸਰਟੀਫਕੇਟ ਲੈਣਾ ਹੋਵੇ | Renunciation/ Surrender Certificate application |
| OCI ਲੈਣ ਵਾਸਤੇ | OCI application |
| ਹੇਠ ਲਿਖੇ ਦਸਤਾਵੇਜ਼ਾਂ ਦੀ ਤਸਦੀਕ ਕਰਾਉਣੀ ਹੋਵੇ<br>• ਪਾਵਰ ਆਫ ਅਟਾਰਨੀ ਅਟੈਸਟ ਕਰਵਾਉਣਾ ਹੋਵੇ<br>• ਲ਼ਾਈਫ ਸਰਟੀਫਕੇਟ ਬਣਾਉਣ ਲਈ<br>• ਜੇਕਰ ਬੱਚਾ ਇੰਡੀਆ ਹੈ ਤਾਂ ਉਸ ਦਾ ਪਾਸਪੋਰਟ ਬਣਾਉਣ ਲਈ ਅਮਰੀਕਾ ਤੋਂ affidavit ਭੇਜਣਾ ਹੋਵੇ<br>• ਅਸਤ ਪਾਉਣ ਲਈ ਇੰਡੀਆ ਲੈਕੇ ਜਾਣ ਲਈ ਪੇਪਰ ਅਟੈਸਟ ਕਰਵਾਉਣੇ ਹੋਣ | Attestations of following documents<br>• Power of Attorney<br>• Life Certificate<br>• Affidavit for child passport to be issued India<br>• Death Documents Attestations - Transportation of Ashes/Mortal Remains to India |

**Surrender Certificate/ Visa ਜਾ Surrender Certificate/OCI ਲੈਣ ਲਈ Package Price ਵੀ ਦਿੰਦੇ ਹਾਂ।**









- ਅਸੀ ਤੁਹਾਡੀ ਸੇਵਾ ਵਿੱਚ 7 days a week ਹਾਜ਼ਰ ਹਾਂ।
- Emergency ਸਮੇਂ ਕਿਸੇ ਵੀ ਸਮੇਂ ਕਾਲ ਕਰੋ ਤੁਹਾਡੀ ਸੇਵਾ ਲਈ 24 ਘੰਟੇ ਹਾਜਰ ਹਾਂ। (Emergency ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਣਗੇ)

**ਪਰੇਸ਼ਾਨ ਹੋਣ ਦੀ ਲੋੜ ਨਹੀ ਹੁਣੇ ਕਾਲ ਕਰੋ**

**Boota Singh Basi (209) 303-1260**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and Post Cards to promote your business
Positive Vibes
BUSINESS CARD DESIGN
WE DESIGN YOUR BUSINESS CARD
COMPANY NAME
MARTIN SAENZ
COMPANY
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
24/7
CUSTOMER SERVICE
For more information call
Boota Singh Basi +1 (209) 303-1260

# ਸੰਘੀ ਅਦਾਲਤ ਨੇ ਯੁੱਧ ਸਮੇਂ ਦੇ ਦੁਸ਼ਮਣ ਕਾਨੂੰਨ ਦੇ ਤਹਿਤ ਕਥਿਤ ਵੈਨੇਜ਼ੁਏਲਾ ਗੈਂਗ ਮੈਂਬਰਾਂ ਨੂੰ ਹਟਾਉਣ 'ਤੇ ਟਰੰਪ ਦੇ ਫੈਸਲੇ ਨੂੰ ਰੋਕ ਦਿੱਤਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਇੱਕ ਸੰਘੀ ਅਪੀਲ ਅਦਾਲਤ ਨੇ ਮੰਗਲਵਾਰ ਨੂੰ ਟਰੰਪ ਪ੍ਰਸ਼ਾਸਨ ਨੂੰ 18ਵੀਂ ਸਦੀ ਦੇ ਯੁੱਧ ਸਮੇਂ ਦੇ ਕਾਨੂੰਨ ਦੀ ਵਰਤੋਂ ਕਰਕੇ ਵੈਨੇਜ਼ੁਏਲਾ ਗੈਂਗ ਮੈਂਬਰ ਹੋਣ ਦੇ ਕਥਿਤ ਲੋਕਾਂ ਨੂੰ ਸੰਯੁਕਤ ਰਾਜ ਤੋਂ ਹਟਾਉਣ ਤੋਂ ਰੋਕ ਦਿੱਤਾ। 5ਵੀਂ ਅਮਰੀਕੀ ਅਪੀਲ ਅਦਾਲਤ ਦੇ ਇੱਕ ਪੈਨਲ ਨੇ 1798 ਦੇ ਏਲੀਅਨ ਦੁਸ਼ਮਣ ਐਕਟ ਦੇ ਤਹਿਤ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੇਸ਼ ਨਿਕਾਲੇ ਨੂੰ ਰੋਕਣ ਲਈ 2-1 ਵੋਟ ਦਿੱਤੀ, ਪ੍ਰਸ਼ਾਸਨ ਦੇ ਇਸ ਦਾਅਵੇ ਨੂੰ ਰੱਦ ਕਰਦੇ ਹੋਏ ਕਿ ਵੈਨੇਜ਼ੁਏਲਾ ਦੇ ਟ੍ਰੇਨ ਡੀ ਅਰਾਗੁਆ ਗੈਂਗ ਦੇ ਮੈਂਬਰ ਜੰਗੀ ਹਮਲੇ ਦਾ ਹਿੱਸਾ ਹਨ, ਸੱਚ ਨਹੀਂ ਹੈ। "ਸਾਡਾ ਵਿਸ਼ਲੇਸ਼ਣ ਸਾਨੂੰ ਹਟਾਉਣ ਨੂੰ ਰੋਕਣ ਲਈ ਇੱਕ ਸ਼ੁਰੂਆਤੀ ਹੁਕਮ ਦੇਣ ਵੱਲ ਲੈ ਜਾਂਦਾ ਹੈ ਕਿਉਂਕਿ ਸਾਨੂੰ ਕੋਈ ਹਮਲਾ ਜਾਂ ਸ਼ਿਕਾਰੀ ਘੁਸਪੈਠ ਨਹੀਂ ਮਿਲਦੀ," ਪੈਨਲ ਦੇ ਬਹੁਮਤ ਨੇ ਲਿਖਿਆ। ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ ਪ੍ਰਵਾਸੀ ਅਧਿਕਾਰਾਂ ਦੇ ਵਕੀਲ ਲੀ ਗੇਲੇਰੰਟ, ਜਿਨ੍ਹਾਂ ਨੇ ਸੁਪਰੀਮ ਕੋਰਟ ਅਤੇ 5ਵੇਂ ਸਰਕਟ ਦੇ ਸਾਹਮਣੇ ਮੁਦਈਆਂ ਦੀ ਨੁਮਾਇੰਦਗੀ ਕੀਤੀ, ਨੇ ਮੰਗਲਵਾਰ ਰਾਤ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਇਹ ਫੈਸਲਾ ਜਾਇਜ਼ ਹੈ। "ਇਮੀਗ੍ਰੇਸ਼ਨ ਨੂੰ ਨਿਯਮਤ ਕਰਨ ਲਈ ਸ਼ਾਂਤੀ ਸਮੇਂ ਦੌਰਾਨ ਯੁੱਧ ਸਮੇਂ ਦੇ ਕਾਨੂੰਨ ਦੀ ਵਰਤੋਂ ਕਰਨ ਦੀ ਟਰੰਪ ਪ੍ਰਸ਼ਾਸਨ ਦੀ ਕੋਸ਼ਿਸ਼ ਨੂੰ ਅਦਾਲਤ ਨੇ ਸਹੀ ਢੰਗ ਨਾਲ ਬੰਦ ਕਰ ਦਿੱਤਾ ਸੀ," ਗੇਲੇਰੰਟ ਨੇ ਕਿਹਾ। "ਇਹ ਇੱਕ ਬਹੁਤ ਮਹੱਤਵਪੂਰਨ ਜਿੱਤ ਹੈ ਜੋ ਪ੍ਰਸ਼ਾਸਨ ਦੇ ਇਸ ਵਿਚਾਰ 'ਤੇ ਲਗਾਮ ਲਗਾਉਂਦੀ ਹੈ ਕਿ ਇਹ ਅਦਾਲਤਾਂ ਦੀ ਨਿਗਰਾਨੀ ਤੋਂ ਬਿਨਾਂ




ਐਮਰਜੈਂਸੀ ਦਾ ਐਲਾਨ ਕਰ ਸਕਦਾ ਹੈ।" ਫਰਵਰੀ ਵਿੱਚ, ਵਿਦੇਸ਼ ਵਿਭਾਗ ਨੇ ਟ੍ਰੇਨ ਡੀ ਅਰਾਗੁਆ ਨੂੰ ਇੱਕ ਵਿਦੇਸ਼ੀ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਅਤੇ, ਮਾਰਚ ਵਿੱਚ, ਵ੍ਹਾਈਟ ਹਾਊਸ ਨੇ ਕਿਹਾ ਕਿ ਇਹ ਗਿਰੋਹ "ਅਨਿਯਮਿਤ ਯੁੱਧ ਕਰ ਰਿਹਾ ਸੀ ਅਤੇ ਸੰਯੁਕਤ ਰਾਜ ਅਮਰੀਕਾ ਵਿਰੁੱਧ ਦੁਸ਼ਮਣੀ ਭਰੀਆਂ ਕਾਰਵਾਈਆਂ ਕਰ ਰਿਹਾ ਸੀ" ਜਿਸ ਵਿੱਚ "ਸੰਯੁਕਤ ਰਾਜ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਪ੍ਰਵਾਸ" ਸ਼ਾਮਲ ਹੈ। ਅਪ੍ਰੈਲ ਵਿੱਚ, ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੀਆਂ ਟੈਕਸਾਸ ਵਿੱਚ ਰੱਖੇ ਗਏ ਟ੍ਰੇਨ ਡੀ ਅਰਾਗੁਆ ਦੇ ਮੈਂਬਰ ਹੋਣ ਦੇ ਕਥਿਤ ਤੌਰ 'ਤੇ ਲੋਕਾਂ ਨੂੰ ਐਲ ਸੈਲਵਾਡੋਰ ਭੇਜਣ ਦੀਆਂ ਯੋਜਨਾਵਾਂ ਨੂੰ ਰੋਕ ਦਿੱਤਾ, ਇਹ ਕਹਿੰਦੇ ਹੋਏ ਕਿ ਉਨ੍ਹਾਂ ਨੂੰ ਨਿਯਤ ਪ੍ਰਕਿਰਿਆ ਦੇ ਅਧਿਕਾਰ ਅਧੀਨ 24 ਘੰਟੇ ਨਾਕਾਫ਼ੀ ਨੋਟਿਸ ਦਿੱਤਾ ਗਿਆ ਸੀ। ਪ੍ਰਸ਼ਾਸਨ ਨੇ ਉਦੋਂ ਤੋਂ ਅਜਿਹੀਆਂ ਸਥਿਤੀਆਂ ਲਈ ਹਟਾਉਣ ਦੇ ਸੱਤ ਦਿਨਾਂ ਦੇ ਨੋਟਿਸ ਨੂੰ ਲਾਗੂ ਕੀਤਾ, ਜਿਸ ਬਾਰੇ 5ਵੇਂ ਸਰਕਟ ਨੇ ਕਿਹਾ ਕਿ ਨਿਯਤ ਪ੍ਰਕਿਰਿਆ ਲਈ ਲੋੜੀਂਦੇ ਸਮੇਂ ਦੇ ਤੱਤ ਨੂੰ ਸੰਤੁਸ਼ਟ ਕੀਤਾ ਗਿਆ। 5ਵੇਂ ਸਰਕਟ ਨੇ ਆਪਣੇ ਫੈਸਲੇ ਨੂੰ ਹਟਾਉਣ ਲਈ ਏਲੀਅਨ ਦੁਸ਼ਮਣ ਐਕਟ ਦੀ ਵਰਤੋਂ ਤੱਕ ਸੀਮਤ ਕਰ ਦਿੱਤਾ ਅਤੇ ਕਿਹਾ ਕਿ ਇਹ "ਵਿਦੇਸ਼ੀ ਅੱਤਵਾਦੀਆਂ" ਨੂੰ ਹਟਾਉਣ ਦੇ ਹੋਰ ਕਾਨੂੰਨੀ ਸਾਧਨਾਂ ਨੂੰ ਕਵਰ ਨਹੀਂ ਕਰਦਾ ਹੈ। ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਦੀ ਨਿਯੁਕਤ ਜੱਜ ਲੈਸਲੀ ਸਾਊਥਵਿਕ, ਅਤੇ ਰਾਸ਼ਟਰਪਤੀ ਜੋ ਬਿਡੇਨ ਦੀ ਨਿਯੁਕਤ ਜੱਜ ਇਰਮਾ ਰਮੀਰੇਜ਼, ਨੇ ਵੋਟ ਦਿੱਤੀ। ਏਲੀਅਨ ਐਨੀਮੀਜ਼ ਐਕਟ ਦੀ ਵਰਤੋਂ ਨੂੰ ਰੋਕਣ ਵਾਲੇ ਮੁੱਢਲੇ ਹੁਕਮ ਦੇ ਹੱਕ ਵਿੱਚ। ਟਰੰਪ ਦੇ ਨਿਯੁਕਤ ਜੱਜ ਐਂਡਰਿਊ ਓਲਡਹੈਮ ਨੇ ਇਸਦੇ ਵਿਰੁੱਧ ਵੋਟ ਦਿੱਤੀ ਅਤੇ ਇੱਕ ਤਿੱਖੀ ਅਸਹਿਮਤੀ ਵਿੱਚ ਦਲੀਲ ਦਿੱਤੀ ਕਿ ਟਰੰਪ ਦੂਜੇ ਰਾਸ਼ਟਰਪਤੀਆਂ ਨਾਲੋਂ ਵੱਖਰੇ ਗਾਰਡਰੇਲ ਦੇ ਅਧੀਨ ਹੈ। "ਉਸਦਾ ਸ਼ਿਕਾਰੀ ਘੁਸਪੈਠ ਦਾ ਐਲਾਨ ਨਿਰਣਾਇਕ ਨਹੀਂ ਹੈ," ਓਲਡਹੈਮ ਨੇ ਕਿਹਾ। "ਇਸ ਤੋਂ ਬਹੁਤ ਦੂਰ। ਇਸ ਦੀ ਬਜਾਏ, ਰਾਸ਼ਟਰਪਤੀ ਟਰੰਪ ਨੂੰ ਕਾਫ਼ੀ ਤੱਥਾਂ ਦੀ ਦਲੀਲ ਦੇਣੀ ਚਾਹੀਦੀ ਹੈ ਜਿਵੇਂ ਕਿ ਉਹ ਇੱਕ ਸੰਘੀ ਜੱਜ ਨੂੰ ਯਕੀਨ ਦਿਵਾਉਣ ਲਈ ਕਿ ਉਹ ਰਾਹਤ ਦਾ ਹੱਕਦਾਰ ਹੈ, ਇੱਕ ਉਲੰਘਣਾ ਦੇ ਮਾਮਲੇ ਵਿੱਚ ਕੁਝ ਭੱਜ-ਦੌੜ ਵਾਲਾ ਮੁੱਦਈ ਹੋਵੇ।"

# ਟਰੰਪ ਨੇ ਸ਼ੀ 'ਤੇ ਪੁਤਿਨ ਅਤੇ ਕਿਮ ਨਾਲ ਚੀਨ ਦੀ ਫੌਜੀ ਪਰੇਡ ਵਿੱਚ ਅਮਰੀਕਾ ਵਿਰੁੱਧ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ, ਰੂਸ ਅਤੇ ਉੱਤਰੀ ਕੋਰੀਆ ਦੇ ਨੇਤਾਵਾਂ ਨੂੰ ਆਪਣਾ ਨਿੱਘਾ ਸਵਾਗਤ ਭੇਜਿਆ। ਹਾਲਾਂਕਿ, ਇਹ ਖੁਸ਼ੀਆ ਉਸੇ ਸਾਹ ਵਿੱਚ ਇੱਕ ਮੋੜ ਲੈ ਕੇ ਆਈਆਂ, ਉਸਨੇ ਸ਼ੀ ਜਿਨਪਿੰਗ, ਵਲਾਦੀਮੀਰ ਪੁਤਿਨ ਅਤੇ ਕਿਮ ਜੋਂਗ ਉਨ 'ਤੇ ਸੰਯੁਕਤ ਰਾਜ ਅਮਰੀਕਾ ਵਿਰੁੱਧ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਕਿਉਂਕਿ ਤਿੱਕੜੀ ਬੁੱਧਵਾਰ ਨੂੰ ਬੀਜਿੰਗ ਵਿੱਚ ਇੱਕ ਵਿਸ਼ਾਲ ਫੌਜੀ ਪਰੇਡ ਵਿੱਚ ਇਕੱਠੇ ਹੋਏ ਸਨ। ਹਾਲਾਂਕਿ ਮਿਜ਼ਾਈਲਾਂ ਅਤੇ ਮਾਰਚ ਕਰਨ ਵਾਲੀਆਂ ਫੌਜਾਂ ਦਾ ਸ਼ਾਨਦਾਰ ਪ੍ਰਦਰਸ਼ਨ ਚੀਨੀ ਰਾਜਧਾਨੀ ਦੇ ਅਸਮਾਨ ਵਿੱਚ 80,000 ਕਬੂਤਰਾਂ ਨੂੰ ਛੱਡਣ ਨਾਲ ਸੀਮਤ ਹੋ ਸਕਦਾ ਹੈ, ਅਮਰੀਕੀ ਰਾਸ਼ਟਰਪਤੀ ਨੇ ਸੁਝਾਅ ਦਿੱਤਾ ਕਿ ਉਸਨੇ ਤਮਾਸ਼ੇ ਦੇ ਪਿੱਛੇ ਕੁਝ ਹੋਰ ਵੀ ਭਿਆਨਕ ਦੇਖਿਆ ਹੈ। ਟਰੰਪ ਨੇ ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਲਿਖਿਆ, "ਰਾਸ਼ਟਰਪਤੀ ਸ਼ੀ ਅਤੇ ਚੀਨ ਦੇ ਸ਼ਾਨਦਾਰ ਲੋਕਾਂ ਦਾ ਜਸ਼ਨ ਦਾ ਇੱਕ ਮਹਾਨ ਅਤੇ ਸਥਾਈ ਦਿਨ ਹੋਵੇ।" "ਕਿਰਪਾ ਕਰਕੇ ਵਲਾਦੀਮੀਰ ਪੁਤਿਨ ਅਤੇ ਕਿਮ ਜੋਂਗ ਉਨ ਨੂੰ ਮੇਰਾ ਨਿੱਘਾ ਸਤਿਕਾਰ ਦਿਓ, ਕਿਉਂਕਿ ਤੁਸੀਂ ਸੰਯੁਕਤ ਰਾਜ ਅਮਰੀਕਾ ਵਿਰੁੱਧ ਸਾਜ਼ਿਸ਼ ਰਚ ਰਹੇ ਹੋ।" ਕ੍ਰੇਮਲਿਨ, ਜਿਸਨੇ ਟਰੰਪ ਦੇ ਸ਼ਾਂਤੀ ਪ੍ਰਸਤਾਵ ਦੇ ਬਾਵਜੂਦ ਯੂਕਰੇਨ ਵਿਰੁੱਧ ਆਪਣੀ ਜੰਗ ਜਾਰੀ ਰੱਖੀ ਹੈ, ਨੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ। ਵਿਦੇਸ਼ ਨੀਤੀ ਦੇ ਸਹਾਇਕ ਯੂਰੀ ਉਸ਼ਾਕੋਵ ਨੇ ਬੁੱਧਵਾਰ ਨੂੰ ਸਰਕਾਰੀ ਟੈਲੀਵਿਜ਼ਨ ਨੂੰ ਦੱਸਿਆ, "ਕੋਈ ਵੀ ਕੋਈ ਸਾਜ਼ਿਸ਼ ਨਹੀਂ ਰਚ ਰਿਹਾ ਸੀ, ਕੋਈ ਵੀ ਕੁਝ ਸਾਜ਼ਿਸ਼ ਨਹੀਂ ਰਚ ਰਿਹਾ ਸੀ।" "ਇਸ ਤੋਂ ਇਲਾਵਾ, ਕਿਸੇ ਨੇ ਵੀ ਅਜਿਹਾ ਸੋਚਿਆ ਵੀ ਨਹੀਂ ਸੀ।" ਉਸ਼ਾਕੋਵ ਨੇ ਕਿਹਾ ਕਿ ਉਸਨੂੰ ਸ਼ੱਕ ਹੈ ਅਤੇ ਉਮੀਦ ਹੈ ਕਿ ਟਰੰਪ ਦੇ ਗੁੱਸੇ ਵਿੱਚ ਘੱਟੋ ਘੱਟ ਥੋੜ੍ਹੀ ਜਿਹੀ ਵਿਅੰਗਾਤਮਕਤਾ ਹੈ। ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਬਾਅਦ ਵਿੱਚ ਕਿਹਾ ਕਿ ਰਾਸ਼ਟਰ "ਸਾਡੇ ਦੇਸ਼ਾਂ ਦੇ ਲੋਕਾਂ ਦੇ ਵੱਡੇ ਭਲੇ ਲਈ ਕੰਮ ਕਰ ਰਹੇ ਸਨ, ਤੀਜੇ ਦੇਸ਼ਾਂ ਦੇ ਵਿਰੁੱਧ ਨਹੀਂ," ਕਿਹਾ ਕਿ ਕਿਸੇ ਕੋਲ ਵੀ ਸਾਜ਼ਿਸ਼ ਰਚਣ ਲਈ "ਸਮਾਂ ਜਾਂ ਇੱਛਾ" ਨਹੀਂ ਹੈ। ਸਾਜ਼ਿਸ਼ ਹੋਵੇ ਜਾਂ ਨਾ ਹੋਵੇ, ਪਰੇਡ ਅਤੇ ਇਸ ਦੇ ਉੱਚ-ਪ੍ਰੋਫਾਈਲ ਹਾਜ਼ਰੀਨ ਦੀ ਤਿੱਕੜੀ ਨੇ ਟਰੰਪ ਅਤੇ ਪੱਛਮ ਵਿੱਚ ਦੇਖ ਰਹੇ ਹੋਰਾਂ ਲਈ ਇੱਕ ਸਪੱਸ਼ਟ ਸੰਦੇਸ਼ ਵਜੋਂ ਕੰਮ ਕੀਤਾ। ਸ਼ੀ ਨੇ ਬੇਝਿਜਕ ਐਲਾਨ ਕੀਤਾ ਕਿ ਚੀਨ "ਰੋਕਿਆ ਨਹੀਂ ਜਾ ਸਕਦਾ" ਹੈ ਅਤੇ ਕਿਹਾ ਕਿ ਮਨੁੱਖਤਾ ਨੂੰ ਸ਼ਾਂਤੀ ਅਤੇ ਯੁੱਧ ਵਿੱਚੋਂ ਇੱਕ ਦੀ ਚੋਣ ਕਰਨੀ ਚਾਹੀਦੀ ਹੈ ਕਿਉਂਕਿ ਉਸਨੇ ਅਮਰੀਕਾ ਦੀ ਅਗਵਾਈ ਵਾਲੇ ਵਿਸ਼ਵ ਵਿਵਸਥਾ ਦੇ ਆਪਣੇ ਵਿਕਲਪ ਦੀ ਰੂਪਰੇਖਾ ਦਿੱਤੀ ਸੀ ਜੋ ਟਰੰਪ ਯੁੱਗ ਵਿੱਚ ਵਾਧੂ ਗੜਬੜ ਦੁਆਰਾ ਪ੍ਰਭਾਵਿਤ ਹੋਈ ਹੈ। ਸਤ੍ਹਾ 'ਤੇ, "ਜਿੱਤ ਦਿਵਸ" ਪਰੇਡ ਨੇ ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਸਾਮਰਾਜੀ ਜਾਪਾਨ ਦੇ ਆਤਮ ਸਮਰਪਣ ਦੀ 80ਵੀਂ ਵਰ੍ਹੇਗੰਢ ਮਨਾਈ। ਅਭਿਆਸ ਵਿੱਚ, ਇਹ ਤਾਕਤ ਦਾ ਇੱਕ ਵਿਸ਼ਾਲ ਪ੍ਰਦਰਸ਼ਨ ਸੀ, ਜਿਸ ਵਿੱਚ ਹਾਈਪਰਸੋਨਿਕ ਮਿਜ਼ਾਈਲਾਂ, ਡਰੋਨ ਅਤੇ ਲੜਾਕੂ ਜਹਾਜ਼ਾਂ ਨੂੰ ਆਧੁਨਿਕ ਬਣਾਉਣ ਲਈ ਸ਼ੀ ਦੇ ਦਬਾਅ ਦੇ ਹਿੱਸੇ ਵਜੋਂ ਪ੍ਰਦਰਸ਼ਿਤ ਕੀਤਾ ਗਿਆ ਸੀ। ਫੌਜ ਅਤੇ ਪੱਛਮ ਨੂੰ ਚੁਣੌਤੀ। "ਐਕਸਿਸ ਆਫ਼ ਅੱਪਹੀਵਲ" ਦੁਆਰਾ ਏਕਤਾ ਦੇ ਇਸ ਪ੍ਰਦਰਸ਼ਨ ਲਈ ਅਮਰੀਕਾ ਅਤੇ ਇਸਦੇ ਸਹਿਯੋਗੀਆਂ ਨਾਲ ਵਿਰੋਧ ਕਰਨ ਵਾਲੇ ਬਹੁਤ ਸਾਰੇ ਦੇਸ਼ ਮੌਜੂਦ ਸਨ, ਜੋ ਕਿ ਰੂਸ ਦੇ ਯੂਕਰੇਨ 'ਤੇ ਹਮਲਾ ਕਰਨ ਲਈ ਸਮੂਹਿਕ ਸਮਰਥਨ ਦੁਆਰਾ ਦਰਸਾਇਆ ਗਿਆ ਸੀ। ਬੀਜਿੰਗ ਵਿੱਚ ਕੋਈ ਵੀ ਅਮਰੀਕੀ ਵਫ਼ਦ ਮੌਜੂਦ ਨਹੀਂ ਸੀ, ਪਰ ਇੱਕ ਪ੍ਰਸਿੱਧ ਅਮਰੀਕੀ ਦੇਖ ਰਿਹਾ ਜਾਪਦਾ ਸੀ। ਟਰੰਪ ਨੇ ਦਿਨ ਦੇ ਸ਼ੁਰੂ ਵਿੱਚ ਦ ਸਕਾਟ ਜੇਨਿੰਗਜ਼ ਰੇਡੀਓ ਸ਼ੋਅ 'ਤੇ ਵਧੇਰੇ ਆਰਾਮਦਾਇਕ ਸੁਰ ਵਿੱਚ ਕਿਹਾ ਕਿ ਉਹ ਚੀਨ ਅਤੇ ਰੂਸ ਦੇ ਇੱਕ ਧੁਰੇ ਬਣਾਉਣ ਬਾਰੇ "ਬਿਲਕੁਲ ਚਿੰਤਤ ਨਹੀਂ" ਸਨ। "ਸਾਡੇ ਕੋਲ ਹੁਣ ਤੱਕ ਦੁਨੀਆ ਦੀ ਸਭ ਤੋਂ ਮਜ਼ਬੂਤ ਫੌਜ ਹੈ," ਉਸਨੇ ਕਿਹਾ। "ਮੇਰਾ ਵਿਸ਼ਵਾਸ ਕਰੋ, ਉਹ ਕਦੇ ਵੀ ਸਾਡੇ 'ਤੇ ਆਪਣੀ ਫੌਜ ਦੀ ਵਰਤੋਂ ਨਹੀਂ ਕਰਨਗੇ। ਇਹ ਸਭ ਤੋਂ ਭੈੜੀ ਗੱਲ ਹੋਵੇਗੀ ਜੋ ਉਹ ਕਦੇ ਕਰ ਸਕਦੇ ਹਨ।" ਟਰੰਪ ਨੇ ਇਹ ਵੀ ਕਿਹਾ ਕਿ ਉਹ "ਰਾਸ਼ਟਰਪਤੀ ਪੁਤਿਨ ਤੋਂ ਬਹੁਤ ਨਿਰਾਸ਼ ਹਨ," ਜਦੋਂ ਕ੍ਰੇਮਲਿਨ ਨੇ ਜਨਤਕ ਤੌਰ 'ਤੇ ਵੋਲੋਦੀਮੀਰ ਜ਼ੇਲੇਨਸਕੀ ਨਾਲ ਸਿਖਰ ਸੰਮੇਲਨ



ਦਾ ਪ੍ਰਬੰਧ ਕਰਨ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਇੱਕ ਪਾਸੇ ਕਰ ਦਿੱਤਾ ਅਤੇ ਯੂਕਰੇਨ ਭਰ ਵਿੱਚ ਤਿੱਖੇ ਹਮਲੇ ਜਾਰੀ ਰੱਖੇ। ਉਸਨੇ ਕਿਹਾ ਕਿ ਅਮਰੀਕਾ "ਲੋਕਾਂ ਨੂੰ ਜੀਣ ਵਿੱਚ ਮਦਦ ਕਰਨ ਲਈ ਕੁਝ ਕਰੇਗਾ," ਪਰ ਵਿਸਥਾਰ ਵਿੱਚ ਨਹੀਂ ਦੱਸਿਆ। ਚੀਨ ਨੇ ਯੁੱਧ ਵਿੱਚ ਨਿਰਪੱਖ ਦਿਖਾਈ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਰੂਸ ਨੂੰ ਇੱਕ ਕੂਟਨੀਤਕ ਅਤੇ ਆਰਥਿਕ ਜੀਵਨ ਰੇਖਾ ਪ੍ਰਦਾਨ ਕੀਤੀ ਹੈ, ਜਦੋਂ ਕਿ ਪੁਤਿਨ ਨੇ ਬੀਜਿੰਗ ਇਕੱਠ ਦੇ ਮੌਕੇ 'ਤੇ ਯੂਕਰੇਨ ਵਿਰੁੱਧ ਲੜਨ ਲਈ ਫੌਜ ਭੇਜਣ ਲਈ ਪਿਓਂਗਯਾਂਗ ਦਾ ਧੰਨਵਾਦ ਕੀਤਾ। ਕਿਮ ਨੇ ਮਾਸਕੋ ਦੀ "ਸਹਾਇਤਾ ਕਰਨ ਲਈ ਹਰ ਸੰਭਵ ਕੋਸ਼ਿਸ਼" ਕਰਨ ਦਾ ਵਾਅਦਾ ਕੀਤਾ। ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ, ਜਿਨ੍ਹਾਂ ਦੇ ਦੇਸ਼ ਨੇ ਰੂਸ ਨੂੰ ਫੌਜੀ ਸਹਾਇਤਾ ਪ੍ਰਦਾਨ ਕੀਤੀ ਹੈ, ਵੀ ਬੀਜਿੰਗ ਵਿੱਚ ਸਨ। ਆਕਸਫੋਰਡ ਯੂਨੀਵਰਸਿਟੀ ਵਿੱਚ ਅੰਤਰਰਾਸ਼ਟਰੀ ਸਬੰਧਾਂ ਦੇ ਲੈਕਚਰਾਰ ਐਡਵਰਡ ਹਾਵੇਲ ਨੇ ਕਿਹਾ ਕਿ ਯੂਕਰੇਨ ਵਿੱਚ ਜੰਗ "ਇਨ੍ਹਾਂ ਦੇਸ਼ਾਂ ਨੂੰ ਇਕੱਠੇ ਖਿੱਚਣ ਵਿੱਚ ਇੱਕ ਮੁੱਖ ਉਤਪ੍ਰੇਰਕ ਰਹੀ ਹੈ।" ਉਸਨੇ 'ਭਛ ਨਿਊਜ਼ ਨੂੰ ਦੱਸਿਆ, "ਤਾਨਾਸ਼ਾਹੀ ਰਾਜਾਂ ਦਾ ਇਹ ਧੁਰਾ ਮਜ਼ਬੂਤ ਹੋ ਰਿਹਾ ਹੈ।" "ਇਹ ਸਿਰਫ਼ ਉੱਤਰੀ ਕੋਰੀਆ ਜਾਂ ਰੂਸ ਜਾਂ ਚੀਨ ਤੋਂ ਆ ਰਹੀਆਂ ਵਿਅਕਤੀਗਤ ਧਮਕੀਆਂ ਨਹੀਂ ਹਨ, ਇਹ ਉਨ੍ਹਾਂ ਤਿੰਨਾਂ ਵਿਚਕਾਰ ਸਬੰਧ ਹਨ।" ਅਤੇ ਟਰੰਪ ਬਾਅਦ ਵਿੱਚ ਦੇਖਦੇ ਹੋਏ ਹੋਰ ਵੀ ਚਿੰਤਤ ਜਾਪਿਆ। ਆਪਣੀ ਸੱਚਾਈ ਸੋਸ਼ਲ ਪੋਸਟ ਵਿੱਚ, ਟਰੰਪ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਅਮਰੀਕਾ ਦੁਆਰਾ ਚੀਨ ਨੂੰ ਦਿੱਤੇ ਗਏ "ਵੱਡੀ ਮਾਤਰਾ ਵਿੱਚ ਸਮਰਥਨ ਅਤੇ 'ਖੂਨ' ਦਾ ਜ਼ਿਕਰ ਕੀਤਾ। "ਚੀਨ ਦੀ ਜਿੱਤ ਅਤੇ ਸ਼ਾਨ ਦੀ ਭਾਲ ਵਿੱਚ ਬਹੁਤ ਸਾਰੇ ਅਮਰੀਕੀ ਮਾਰੇ ਗਏ। ਮੈਨੂੰ ਉਮੀਦ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਲਈ ਸਹੀ ਢੰਗ ਨਾਲ ਸਨਮਾਨਿਤ ਅਤੇ ਯਾਦ ਕੀਤਾ ਜਾਵੇਗਾ!"

**ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...**


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੌਸਰੀ
INDIAN & FIJI GROCERY
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ੴ ਸਤਿਗੁਰ ਪ੍ਰਸਾਦਿ

# ਸਿੱਖ ਗੁਰਦੁਆਰਾ ਸੈਨ ਹੋਜ਼ੇ

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੀਆਂ ਪ੍ਰਾਪਤੀਆਂ ਅਤੇ ਚੋਣ ਮੈਨੀਫੈਸਟੋ 2025

### ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਸਤਿਕਾਰ ਯੋਗ ਮੈਂਬਰ ਸਹਿਬਾਨ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

*ਸਿੱਖ ਗੁਰਦੁਆਰਾ ਸੈਨ ਹੋਜ਼ੇ ਬੇ ਏਰੀਆ ਅਤੇ ਇਸ ਤੋਂ ਬਾਹਰ ਵੀ ਸਿੱਖ ਭਾਈਚਾਰੇ ਲਈ ਇੱਕ ਜੀਵੰਤ ਧਾਰਮਿਕ, ਵਿਦਿਅਕ ਅਤੇ ਸੱਭਿਆਚਾਰਕ ਕੇਂਦਰ ਵਜੋਂ ਕੰਮ ਕਰ ਰਿਹਾ ਹੈ। ਸਾਡਾ ਮਿਸ਼ਨ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੁਆਰਾ ਸਿੱਖ ਭਾਈਚਾਰੇ ਨੂੰ ਪ੍ਰੇਰਿਤ ਅਤੇ ਉੱਚਾ ਚੁੱਕਣਾ; ਸਰਬੱਤ ਦਾ ਭਲਾ ਦੀ ਭਾਵਨਾ ਵਿੱਚ ਸਾਰਿਆਂ ਲਈ ਧਾਰਮਿਕ, ਵਿਦਿਅਕ, ਸੱਭਿਆਚਾਰਕ ਅਤੇ ਸਮਾਜਿਕ ਚੜ੍ਹਦੀਕਲਾ ਨੂੰ ਉਤਸ਼ਾਹਿਤ ਕਰਦੇ ਹੋਏ ਸੱਚ, ਸੇਵਾ, ਏਕਤਾ ਅਤੇ ਨਿਆਂ ਨੂੰ ਕਾਇਮ ਰੱਖਣਾ" ਹੈ।*

ਪਿਛਲੇ ਸਮੇਂ ਦੌਰਾਨ, ਤੁਹਾਡੀ ਮੌਜੂਦਾ ਕਮੇਟੀ ਨੇ ਉਪਰੋਕਤ ਮਿਸ਼ਨ ਨੂੰ ਬਰਕਰਾਰ ਰੱਖਣ ਅਤੇ ਇਸ ਰਾਹੀਂ ਸਾਡੇ ਗੁਰਦੁਆਰਾ ਸਾਹਿਬ ਅਤੇ ਸੰਗਤ ਦੀ ਚੜ੍ਹਦੀਕਲਾ ਲਈ ਪੂਰੀ ਲਗਨ ਨਾਲ ਕੰਮ ਕੀਤਾ ਹੈ। ਅਸੀਂ ਧਾਰਮਿਕ, ਸਮਾਜਿਕ, ਵਿਦਿਅਕ, ਸਿਹਤ ਅਤੇ ਪ੍ਰਵਾਰ-ਕੇਂਦ੍ਰਿਤ ਪ੍ਰੋਗਰਾਮਾਂ ਰਾਹੀਂ ਸੰਗਤ ਦੀ ਸੇਵਾ ਕੀਤੀ ਹੈ। ਅਸੀਂ ਸੰਗਤ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਕਰਦੇ ਹਾਂ ਅਤੇ ਹੁਣ 12 ਅਕਤੂਬਰ, 2025 ਨੂੰ ਹੋਣ ਵਾਲੀਆਂ ਗੁਰਦੁਆਰਾ ਕਮੇਟੀ ਚੋਣਾਂ ਵਿੱਚ ਨਿਮਰਤਾ ਨਾਲ ਤੁਹਾਡੀ ਵੋਟ ਮੰਗਦੇ ਹਾਂ।

## ਸਾਡੀਆਂ ਪ੍ਰਾਪਤੀਆਂ

**ਕੋਵਿਡ-19 ਲਈ ਸਾਡੀਆਂ ਕਿਰਿਆਵਾਂ ਅਤੇ ਦਿਲੀ, ਪੰਜਾਬ ਦੀ ਸਹਾਇਤਾ ਵੀ:**

- ਕੋਵਿਡ-19 ਦੇ ਚੁਣੌਤੀਪੂਰਨ ਸਮੇਂ ਦੌਰਾਨ, ਸਾਡੀ ਸੰਗਤ ਗੁਰਬਾਣੀ ਅਤੇ ਕੀਰਤਨ ਪ੍ਰੋਗਰਾਮਾਂ ਦੇ ਘਰ ਵਿੱਚ ਔਨਲਾਈਨ ਰੀਲੇਅ ਦੇ ਕਾਰਨ ਚੜ੍ਹਦੀਕਲਾ ਵਿੱਚ ਰਹੀ। ਕੀਰਤਨ ਪ੍ਰੋਗਰਾਮਾਂ ਨੂੰ ਸਾਰੇ ਦਿਨ ਵਾਸਤੇ ਵਧਾਇਆ ਗਿਆ।
- ਗੁਰੂ ਨਾਨਕ ਖਾਲਸਾ ਸਕੂਲ ਨੇ ਔਨਲਾਈਨ ਕਲਾਸਾਂ ਜਾਰੀ ਰੱਖੀਆਂ, ਅਤੇ ਘਰ ਬੈਠੇ ਬੱਚਿਆਂ ਨੂੰ ਰੁੱਝੇ ਰੱਖਿਆ।
- ਗੁਰਦੁਆਰਾ ਸਾਹਿਬ ਨੇ ਸੰਗਤ ਅਤੇ ਆਲੇ ਦੁਆਲੇ ਦੇ ਭਾਈਚਾਰੇ , ਦੋਵਾਂ ਲਈ ਟੀਕਾਕਰਨ ਕਲੀਨਿਕਾਂ ਦੀ ਸਹੂਲਤ ਦਿੱਤੀ।
- ਪਰਿਵਾਰਾਂ ਨੂੰ ਸਰਕਾਰੀ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਵਿੱਚ ਮਦੱਦ ਦਿੱਤੀ।
- ਹਸਪਤਾਲਾਂ ਵਿੱਚ ਫਰੰਟ ਲਾਈਨ ਵਰਕਰਾਂ ਨੂੰ ਭੋਜਨ ਵੰਡਿਆ ਗਿਆ। ਬੇਘਰਾਂ ਨੂੰ ਵੰਡਣ ਲਈ ਪੁਲਿਸ ਨੂੰ ਵੀ ਪ੍ਰਦਾਨ ਕੀਤਾ ਗਿਅ
- ਲੋੜਵੰਦ ਬਜ਼ੁਰਗਾਂ ਦੇ ਘਰਾਂ ਤੱਕ ਕਰਿਆਨੇ ਦਾ ਸਮਾਨ ਪਹੁੰਚਾਇਆ ਗਿਆ ਅਤੇ ਗੁਰਦੁਆਰਾ ਸਾਹਿਬ ਵਿਖੇ ਵੀ ਲੋੜਵੰਦਾਂ ਨੂੰ ਵੰਡਿਆ ਗਿਆ।
- ਪ੍ਰਬੰਧਕ ਕਮੇਟੀ ਨੇ ਅਮਰੀਕੀ ਸਰਹੱਦਾਂ ਤੋਂ ਪਾਰ ਜਾ ਕੇ ਦਿੱਲੀ ਅਤੇ ਅੰਮ੍ਰਿਤਸਰ ਵਿੱਚ ਡੀਜੀਪੀਸੀ ਅਤੇ ਐਸਜੀਪੀਸੀ ਦੁਆਰਾ ਚਲਾਏ ਜਾ ਰਹੇ ਹਸਪਤਾਲਾਂ ਨੂੰ ਵੈਂਟੀਲੇਟਰ ਭੇਜੇ।

**ਸੰਗਤ ਦਾ ਵਿੱਤੀ ਸੇਵਾ ਲਈ ਅਤੇ ਸਟਾਫ ਦਾ ਅਣਥਕ ਸੇਵਾ ਲਈ ਵਿਸ਼ੇਸ਼ ਧੰਨਵਾਦ ਹੈ।**

**ਕੀਰਤਨ, ਗੁਰਮਤਿ ਅਤੇ ਗੁਰਬਾਣੀ ਪ੍ਰੋਗਰਾਮ :**

- **ਉੱਚ ਯੋਗਤਾ ਪ੍ਰਾਪਤ ਧਾਰਮਿਕ ਸਟਾਫ:** ਸਿੱਖ ਗੁਰਦੁਆਰਾ ਸੈਨ ਹੋਜ਼ੇ ਵਿੱਚ ਉੱਚ ਯੋਗਤਾ ਵਾਲੇ ਸੱਤ ਹਜ਼ੂਰੀ ਰਾਗੀ ਜੱਥੇ ਅਤੇ ਇੱਕ ਕਥਾਕਾਰ ਹਨ, ਜੋ ਸਾਲ ਭਰ ਉੱਚ ਗੁਣਵੱਤਾ ਵਾਲੇ ਕੀਰਤਨ ਅਤੇ ਕਥਾ ਪ੍ਰਦਾਨ ਕਰਦੇ ਹਨ। ਪ੍ਰੋਗਰਾਮਾਂ ਨੂੰ ਗੁਰਦੁਆਰਾ ਐਪ, ਯੂਟਿਊਬ ਅਤੇ ਫੇਸਬੁੱਕ ਰਾਹੀਂ ਦੁਨੀਆ ਭਰ ਵਿੱਚ ਪ੍ਰਸਾਰਿਤ ਕੀਤਾ ਜਾਂਦਾ ਹੈ। ਸਮੇਂ ਸਮੇਂ ਸਿਰ ਬਾਹਰੋਂ ਭੀ ਪ੍ਰਸਿਧ ਰਾਗੀ ਜੱਥੇ ਅਤੇ ਕਥਾਕਾਰ ਗੁਰਦਵਾਰਾ ਸਾਹਿਬ ਵਿਚ ਪ੍ਰੋਗਰਾਮਾਂ ਰਾਹੀਂ ਸੰਗਤਾ ਨੂੰ ਨਿਹਾਲ ਕਰਦੇ ਹਨ।
- **31-ਰਾਗ ਕੀਰਤਨ ਪ੍ਰੋਗਰਾਮ:** ਇੱਕ ਵਿਸ਼ਵਵਿਆਪੀ ਸਮਾਗਮ ਜੋ ਹਰ ਸਾਲ 3 ਦਿਨਾਂ ਲਈ ਹੁੰਦਾ ਹੈ, ਜਿਸ ਵਿੱਚ ਪ੍ਰਸਿੱਧ ਕੀਰਤਨ ਜੱਥੇ ਸ਼ਾਮਲ ਹੁੰਦੇ ਹਨ। ਦੁਨੀਆ ਭਰ ਦੀਆਂ ਸੰਗਤਾਂ ਲਾਈਵ ਸ਼ਾਮਲ ਹੁੰਦੀਆਂ ਹਨ।
- **ਮਹੱਤਵਪੂਰਨ ਗੁਰਪੁਰਬ ਸਮਾਰੋਹ:** ਅਸੀਂ ਸਾਰੇ ਗੁਰਪੁਰਬ ਅਤੇ ਹੋਲਾ ਮਹੱਲਾ, ਵੇਸਾਖੀ, ਬੰਦੀ ਛੋੜ ਦਿਵਸ, ਸ਼ਹੀਦੀ ਹਫ਼ਤਾ ਅਤੇ ਨਵੇਂ ਸਾਲ ਵਿਚ ਚੜ੍ਹਦੀਕਲਾ ਦੀ ਅਰਦਾਸ ਵਾਸਤੇ ਖਾਸ ਸਮਾਗਮਾਂ ਦਾ ਪ੍ਰਬੰਧ ਕਰਦੇ ਹਾਂ। ਅਮਰੀਕਾ ਦੇ ਗੁਰਦੁਆਰਿਆਂ ਵਿੱਚ ਹੋਲਾ ਮਹੱਲਾ ਮਨਾਉਣਾ ਸਾਡੀ ਵਿਲੱਖਣਤਾ ਹੈ।
- **ਗੁਰਬਾਣੀ ਸੰਥਿਆ:** ਸੰਗਤ ਨੂੰ ਗੁਰਬਾਣੀ ਦਾ ਸਹੀ ਉਚਾਰਨ ਅਤੇ ਸਮਝ ਸਿਖਾਉਣ ਵਾਲੀ ਇੱਕ ਪਹਿਲ।
- **ਦੁਨੀਆ ਦੀ ਸ਼ਾਂਤੀ ਲਈ ਸਹਿਜ ਪਾਠ:** 120 ਤੋਂ ਵੱਧ ਪਰਿਵਾਰ ਐਪ ਰਾਹੀਂ ਘਰ-ਤੋਂ ਹੀ ਸਹਿਜ ਪਾਠਾਂ ਵਿੱਚ ਹਿੱਸਾ ਲੈਂਦੇ ਹਨ, ਜਿਸ ਤੋਂ ਬਾਅਦ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕੀਤੀ ਜਾਂਦੀ ਹੈ।
- **ਗੁਰਬਾਣੀ ਡਿਸਪਲੇ ਤਕਨਾਲੋਜੀ:** ਭਾਰਤ ਵਿੱਚ ਇੱਕ ਵਿਦਿਆਰਥੀਆਂ ਦੀ ਅਗਵਾਈ ਵਾਲੀ ਟੀਮ ਸਾਡੇ ਗੁਰਦੁਆਰੇ ਅਤੇ ਦੋ ਹੋਰ ਗੁਰਦੁਆਰਿਆਂ ਵਿੱਚ ਕੀਰਤਨ ਦੌਰਾਨ ਲਾਈਵ ਗੁਰਬਾਣੀ ਡਿਸਪਲੇ ਪ੍ਰਦਾਨ ਕਰਦੀ ਹੈ। ਹੋਰ ਗੁਰਦੁਆਰੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਰਹੇ ਹਨ।
- **ਵਿਆਹ ਲਈ ਰਜਿਸਟਰ ਕੀਤੇ ਜੋੜਿਆਂ ਦੀ ਕਾਊਂਸਲਿੰਗ:** ਪਹਿਲਾ ਗੁਰਦੁਆਰਾ ਹੈ, ਜਿਸ ਵਿਚ ਸਿੱਖ ਵਿਆਹ ਦੀ ਕਾਊਂਸਲਿੰਗ ਦਾ ਪ੍ਰਬੰਧ ਕੀਤਾ ਗਿਆ ਹੈ।

**ਨੌਜਵਾਨ ਸੰਲੱਗਨ ਅਤੇ ਵਿਕਾਸ :**

- **ਸ੍ਰੀ ਹੇਮਕੁੰਟ ਫਾਊਂਡੇਸ਼ਨ ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ ਅਤੇ ਕੀਰਤਨ ਦਰਬਾਰ 2024:** ਪੂਰੇ ਅਮਰੀਕਾ ਅਤੇ ਇੰਗਲੈਂਡ ਤੋਂ 600 ਤੋਂ ਵੱਧ ਮਹਿਮਾਨਾਂ ਨੇ ਹਿੱਸਾ ਲਿਆ। ਪ੍ਰੋਗਰਾਮ ਵਿੱਚ ਬੱਚਿਆਂ ਰਾਹੀਂ ਵਧੀਆ ਭਾਸ਼ਣ ਅਤੇ ਰੂਹਾਨੀ ਕੀਰਤਨ ਸ਼ਾਮਲ ਸਨ। ਪ੍ਰੋਗਰਾਮ ਨੂੰ ਸੋਹਣੇ ਪ੍ਰਬੰਧ ਅਤੇ ਵਧੀਆ ਮਹਿਮਾਨ ਨਿਵਾਜ਼ੀ ਲਈ ਪ੍ਰਸ਼ੰਸਾ ਮਿਲੀ।
- **ਜੌਹਰ-ਏ-ਤੇਗ ਗੱਤਕਾ ਮੁਕਾਬਲਾ:** ਕੈਲੀਫੋਰਨੀਆ ਭਰ ਦੇ ਗੁਰਦੁਆਰਿਆਂ ਦੇ ਨੌਜਵਾਨਾਂ ਨੇ ਹਿੱਸਾ ਲਿਆ। ਨੌਜਵਾਨਾਂ ਨੇ ਰਵਾਇਤੀ ਮਾਰਸ਼ਲ ਆਰਟ ਦੀ ਸਿੱਖ ਵਿਰਾਸਤ ਨੂੰ ਉਜਾਗਰ ਕਰਦੇ ਹੋਏ ਉੱਚ ਪੱਧਰੀ ਹੁਨਰ, ਅਨੁਸ਼ਾਸਨ ਅਤੇ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਹਫਤਾਵਾਰੀ ਗਤੱਕਾ ਕਲਾਸਾਂ ਜਾਰੀ ਹਨ।
- **ਵਾਲੀਬਾਲ ਅਤੇ ਬਾਸਕਟਬਾਲ ਕੋਰਟ ਦਾ ਨਿਰਮਾਣ ਕੀਤਾ:** ਸਾਡੀਆਂ ਵਧੀਆ ਸਿਖਲਾਈ ਪ੍ਰਾਪਤ ਬਾਸਕਟਬਾਲ ਟੀਮਾਂ ਹੁਣ ਕੈਲੀਫੋਰਨੀਆ ਭਰ ਵਿੱਚ ਟੂਰਨਾਮੈਂਟਾਂ ਵਿੱਚ ਹਿੱਸਾ ਲੈਂਦੀਆਂ ਹਨ। ਖੇਡ ਕੈਂਪਾ ਦਾ ਹੁਣ ਕਈ ਵਾਰੀ ਪ੍ਰਬੰਧ ਕੀਤਾ ਜਾਂਦਾ ਹੈ।
- **ਕਾਲਜ ਵਜ਼ੀਫਾ ਪ੍ਰੋਗਰਾਮ:** ਯੋਗ ਵਿਦਿਆਰਥੀਆਂ ਲਈ 2020 ਤੋਂ ਵਜ਼ੀਫਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਹੁਣ ਤੱਕ 12 ਤੋਂ ਵੱਧ ਵਜ਼ੀਫੇ ਦਿਤੇ ਗਏ ਹਨ।ਪੰਜ ਵਿਦਿਆਰਥੀਆਂ ਪੜ੍ਹਾਈ ਪੂਰੀ ਕਰਕੇ ਸਿੱਖੀ ਸਰੂਪ ਨਾਲ ਆਪਣੇ ਪੇਸ਼ਿਆਂ ਵਿੱਚ ਕੰਮ ਕਰ ਰਹੇ ਹਨ।
- **ਕਾਲਜ ਤਿਆਰੀ ਪ੍ਰੋਗਰਾਮ:** ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਕਾਲਜ ਦਾਖਲੇ ਲਈ ਤਿਆਰ ਕਰਨ ਲਈ ਇੱਕ ਕਾਲਜ ਤਿਆਰੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਵਿਚ ਅੰਗਰੇਜ਼ੀ, ਗਣਿਤ, ਵਿਗਿਆਨ ਅਤੇ ਕੰਪਿਊਟਰ ਪ੍ਰੋਗਰਾਮਿੰਗ ਵਿੱਚ ਟਿਊਸ਼ਨ ਦਾ ਪ੍ਰਬੰਧ ਹੈ। ਵਿੱਤੀ ਸਹਾਇਤਾ ਅਤੇ ਕਾਲਜ ਅਰਜ਼ੀ ਲਈ ਮਦਦ ਦੇਣ ਵਾਸਤੇ ਪ੍ਰਬੰਧ ਕੀਤੇ ਜਾ ਰਹੇ ਹਨ।

**ਬਜ਼ੁਰਗਾਂ ਦੀ ਤੰਦਰੁਸਤੀ:**

- ਨਾਮ ਸਿਮਰਨ, ਸਮਾਜਿਕ ਗੱਲਬਾਤ/ਮਿਲਾਪ ਅਤੇ ਤੰਦਰੁਸਤੀ ਕਿਰਿਆਵਾਂ ਵਾਲਾ ਇੱਕ ਪ੍ਰੋਗਰਾਮ ਵਡੀ ਉਮਰ ਵਾਲਿਆਂ ਲਈ ਸ਼ੁਰੂ ਕੀਤਾ ਗਿਆ ਹੈ।

**ਸਿੱਖੀ ਸਿੱਖਿਆ ਅਤੇ ਸਿੱਖ ਪਛਾਣ:**

- **ਗੁਰੂ ਨਾਨਕ ਖਾਲਸਾ ਸਕੂਲ (GNKS)** ਰਾਹੀਂ ਊੜਾ ਤੋਂ ਜੂੜਾ ਤੱਕ ਸਿੱਖ ਜੀਵਨ ਢੰਗ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਬੱਚੇ ਸਾਢੇ ਤਿੰਨ ਸਾਲ ਦੀ ਉਮਰ ਵਿੱਚ ਸ਼ਾਮਲ ਹੁੰਦੇ ਹਨ ਅਤੇ ਗੁਰਮਤਿ, ਸਿੱਖ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਰਬਾਣੀ ਪੜ੍ਹਨਾ ਸਿੱਖਣ ਤੋਂ ਬਾਅਦ ਗ੍ਰੈਜੂਏਟ ਹੁੰਦੇ ਹਨ। ਪਿਛਲੇ ਸਾਲ 550 ਤੋਂ ਵੱਧ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ। ਸਕੂਲ ਨੇ 2025 ਵਿੱਚ 36 ਸਾਲ ਪੂਰੇ ਕੀਤੇ।
- **ਨੌਜਵਾਨਾਂ ਲਈ ਕੀਰਤਨ ਸਿਖਲਾਈ:** ਪਿਛਲੇ ਸਾਲ ਗੁਰੂ ਨਾਨਕ ਖਾਲਸਾ ਸਕੂਲ ਵਿਖੇ ਕੀਰਤਨ ਪ੍ਰੋਗਰਾਮ ਵਿੱਚ ਲਗਭਗ 150 ਵਿਦਿਆਰਥੀਆਂ ਨੇ ਦਾਖਲਾ ਲਿਆ ਸੀ। ਦਸ ਉੱਚ ਸਿਖਲਾਈ ਪ੍ਰਾਪਤ ਅਧਿਆਪਕ ਗੁਰਬਾਣੀ ਗਾਉਣ ਅਤੇ ਸੰਗੀਤਕ ਸਾਜ਼ ਵਜਾਉਣ ਦੀ ਕਲਾ ਵਿੱਚ ਸਿੱਖਿਆ ਪ੍ਰਦਾਨ ਕਰਦੇ ਹਨ। ਇਹ ਵਿਦਿਆਰਥੀ ਗੁਰਦੁਆਰਾ ਦੀਵਾਨਾਂ ਵਿੱਚ ਨਿਯਮਿਤ ਤੌਰ 'ਤੇ ਕੀਰਤਨ ਕਰਦੇ ਹਨ। ਵਿਦਿਆਰਥੀ 12 ਤੋਂ ਵੱਧ ਰਾਗਾਂ ਵਿੱਚ ਕੀਰਤਨ ਕਰਨਾ ਸਿੱਖਣ ਤੋਂ ਬਾਅਦ ਗ੍ਰੈਜੂਏਟ ਹੁੰਦੇ ਹਨ। ਸਿੱਖ ਵਿਰਾਸਤ ਤੰਤੀ ਸਾਜ਼ ਵਜਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- **ਸਿੱਖ ਵਿਰਾਸਤ ਸਿੰਫਨੀ (SHS):** GNKS ਦੇ ਸਾਡੇ SHS ਵਿਦਿਆਰਥੀਆਂ ਨੇ ਕਾਰਨੇਗੀ ਹਾਲ ਵਿੱਚ ਪ੍ਰਦਰਸ਼ਨ ਕੀਤਾ ਹੈ, ਜੋ ਕਿ ਇੱਕ ਵਿਸ਼ਵ ਪੱਧਰ 'ਤੇ ਪ੍ਰਸਿੱਧ ਸਥਾਨ ਹੈ। SHS ਜੋ ਕਿ ਗੈਰ-ਸਿੱਖਾਂ ਨੂੰ ਸਿੱਖ ਸੰਗੀਤ ਅਤੇ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਦਾ ਹੈ। ਉਹ ਹੁਣੇ ਹੀ ਭਾਰਤ ਦੇ ਕਈ ਇਤਿਹਾਸਕ ਗੁਰਦੁਆਰਿਆਂ ਵਿੱਚ ਕੀਰਤਨ ਕਰਨ ਤੋਂ ਬਾਅਦ ਵਾਪਸ ਆਏ ਹਨ।
- **ਗੁਰਮਤਿ ਕੈਂਪ:** ਛੁੱਟੀਆਂ ਦੇ ਸਮੇਂ ਦੌਰਾਨ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਸਾਲ ਵਿੱਚ ਦੋ ਵਾਰ ਗੁਰਮਤਿ ਕੈਂਪ ਲਗਾਏ ਜਾਂਦੇ ਹਨ।
- ਅਸੀਂ ਮਾਣ ਨਾਲ **ਸੈਨ ਹੋਜ਼ੇ ਸ਼ਾਰਕਸ, ਸੈਨ ਹੋਜ਼ੇ ਅਰਥਕੁਏਕਸ, ਸੈਨ ਹੋਜ਼ੇ ਜਾਇੰਟਸ ਅਤੇ ਗੋਲਡਨ ਸਟੇਟ ਵਾਰੀਅਰਜ਼** ਦੀਆਂ ਖੇਡਾਂ ਵਿਚ ਸ਼ਾਮਲ ਹੋਕੇ **ਸਿੱਖ ਵਿਰਾਸਤ ਅਤੇ ਪਛਾਣ ਦਰਸਾਉਂਦੇ ਹਾਂ**, ਤਾਂ ਜੋ ਦੂਜੇ ਦਰਸ਼ਕਾਂ ਵਿੱਚ ਸਿੱਖ ਧਰਮ ਬਾਰੇ ਜਾਗਰੂਕਤਾ ਫੈਲ ਸਕੇ।
- ਹਰ ਉਮਰ ਦੇ ਬੱਚਿਆਂ ਲਈ **ਹਫ਼ਤਾਵਾਰੀ ਦਸਤਾਰ ਬੰਨ੍ਹਣ ਦਾ ਪ੍ਰੋਗਰਾਮ** ਬਹੁਤ ਸੋਹਣਾ ਚਲ ਰਿਹਾ ਹੈ । ਛੋਟੇ ਬੱਚਿਆਂ ਵਿਚ ਬਹੁਤ ਉਤਸ਼ਾਹ ਹੈ।

**ਸਿਹਤ ਅਤੇ ਤੰਦਰੁਸਤੀ**

- **ਗੁਰੂ ਨਾਨਕ ਮੁਫ਼ਤ ਮੈਡੀਕਲ ਸੈਂਟਰ:** ਇਥੇ ਲਾਇਸੰਸ ਵਾਲੇ ਡਾਕਟਰਾਂ ਦੁਆਰਾ ਇਨਸ਼ੋਅਰੈਂਸ ਰਹਿਤ ਵਿਅਕਤੀਆਂ ਦੀ ਡਾਕਟਰੀ ਦੇਖਭਾਲ ਕੀਤੀ ਜਾਂਦੀ ਹੈ।
- **ਗੁਰਦੁਆਰਾ ਸਾਹਿਬ ਦੇ ਨੁਮਾਇੰਦੇ** ਵਜੋਂ ਸਾਡੇ ਸੇਵਾਦਾਰ ਹੋਮਲੈਸ ਲਈ ਭੋਜਨ ਮੁਹਿੰਮ, ਖੂਨਦਾਨ ਅਤੇ ਹੋਰ ਆਊਟਰੀਚ ਪ੍ਰੋਗਰਾਮ ਕਰਦੇ ਹਨ।

**ਲਿੰਗ ਸਮਾਨਤਾ**

- **ਲਿੰਗ ਸਮਾਨਤਾ ਲਈ ਲੋਹੜੀ ਪ੍ਰੋਗਰਾਮ:** ਹਰ ਸਾਲ 70 ਤੋਂ ਵੱਧ ਪਰਿਵਾਰ ਲੋਹੜੀ ਵਾਲੇ ਦਿਨ ਨਵਜੰਮੇ ਲੜਕੇ ਅਤੇ ਲੜਕੀਆਂ ਨੂੰ ਗੁਰਦੁਆਰਾ ਸਾਹਿਬ ਲਿਆਉਂਦੇ ਹਨ। ਉਹਨਾਂ ਨੂੰ ਅਰਦਾਸ ਰਾਹੀਂ ਗੁਰੂਘਰ ਤੋਂ ਆਸ਼ੀਰਵਾਦ ਅਤੇ ਹੋਰ ਤੋਹਫ਼ੇ ਵੀ ਦਿੱਤੇ ਜਾਂਦੇ ਹਨ।
- **ਬੀਬੀਆਂ ਦਾ ਕੀਰਤਨ** ਪ੍ਰੋਗਰਾਮ, ਬੀਬੀਆਂ ਲਈ ਵਿਦਿਆ ਅਤੇ ਲੀਡਰਸ਼ਿਪ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

**ਸੁਰੱਖਿਆ ਅਤੇ ਨਾਗਰਿਕ ਸ਼ਮੂਲੀਅਤ**

- **ਸੁਰੱਖਿਆ ਨੂੰ ਯਕੀਨੀ ਬਣਾਉਣ** ਅਤੇ ਪਾਰਕਿੰਗ ਵਿੱਚ ਸਹਾਇਤਾ ਲਈ ਇੱਕ ਸਿਖਲਾਈ ਪ੍ਰਾਪਤ ਸਵੈ-ਸੇਵਕ ਸੁਰੱਖਿਆ ਟੀਮ ਦੀ ਸਥਾਪਨਾ ਕੀਤੀ ਗਈ ਹੈ।
- **ਸਥਾਨਕ ਅਤੇ ਜ਼ਿਲ੍ਹਾ-ਪੱਧਰੀ ਨੀਤੀ ਵਕਾਲਤ:** ਸਿੱਖ ਕਦਰਾਂ-ਕੀਮਤਾਂ ਅਤੇ ਭਾਈਚਾਰਕ ਹਿੱਤਾਂ ਦੀ ਨੁਮਾਇੰਦਗੀ ਜ਼ਰੂਰਤ ਅਨੁਸਾਰ ਕੀਤੀ ਜਾਂਦੀ ਹੈ।

**ਵਧੀਆ ਵਿੱਤੀ ਪ੍ਰਬੰਧ:**

**ਵਧੇਰੇ ਪ੍ਰੋਗਰਾਮਾਂ, ਖਰਚਿਆਂ ਅਤੇ ਕੋਵਿਡ ਸਬੰਧੀ ਘਾਟਿਆਂ ਦੇ ਬਾਵਜੂਦ, ਗੁਰਦਵਾਰਾ ਸਾਹਿਬ ਕੋਲ ਵਿੱਤੀ ਰਿਜ਼ਰਵ ਵਜੋਂ $3 ਮਿਲੀਅਨ ਨਕਦ ਜਾਂ ਨਕਦ ਰੂਪ ਵਰਗੇ ਸਟਾਕਸ ਆਦਿ ਹਨ। ਸਿਰਫ ਸਾਡਾ ਗੁਰਦਵਾਰਾ ਹੈ ਜਿਸਨੇ ਪਿਛਲੇ 20 ਸਾਲਾਂ ਦੇ ਆਡਿਟ ਕੀਤੇ ਵਿੱਤੀ ਵੇਰਵੇ ਔਨਲਾਈਨ ਪੋਸਟ ਕੀਤੇ ਹਨ।**

https://sanjosegurdwara.org/financials.html

# ਭਵਿੱਖ ਲਈ ਸਾਡਾ ਦ੍ਰਿਸ਼ਟੀਕੋਣ/ਮੈਨੀਫੈਸਟੋ

**ਅਸੀਂ ਇੱਕ ਪਰਿਵਾਰ, ਇੱਕ ਸੰਗਤ ਰੂਪ ਵਿੱਚ ਸਰਬੱਤ ਦੇ ਭਲੇ ਲਈ ਕੰਮ ਕਰਣ ਦਾ ਵਾਅਦਾ ਕਰਦੇ ਹਾਂ ।**

### ਧਾਰਮਿਕ ਅਤੇ ਸੱਭਿਆਚਾਰਕ ਪਹਿਲਕਦਮੀਆਂ

- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਗੁਰਪੁਰਬ ਅਤੇ ਹੋਰ ਮਹੱਤਵਪੂਰਨ ਗੁਰਪੁਰਬਾਂ ਨੂੰ ਮਨਾਵਾਂਗੇ ਅਤੇ ਇਹ ਸਮਾਗਮ ਹੋਰ ਗੁਰਦੁਆਰਿਆਂ ਨਾਲ ਮਿਲ ਕੇ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।
- ਉੱਤਰੀ ਅਤੇ ਦੱਖਣੀ ਹਾਲਾਂ 'ਤੇ ਦੂਜੀ ਮੰਜ਼ਿਲਾਂ ਬਣਾ ਕੇ ਵਿਆਹਾਂ ਅਤੇ ਹੋਰ ਧਾਰਮਿਕ ਸਮਾਗਮਾਂ ਲਈ ਥਾਂ ਵਧਾਵਾਂਗੇ। ਇਹ ਗੁਰੂ ਨਾਨਕ ਖਾਲਸਾ ਸਕੂਲ ਦੀਆਂ ਕਲਾਸਾਂ ਲਈ ਵੀ ਵਰਤੀ ਜਾ ਸਕੇਗੀ।
- ਸਿੱਖ ਮਿਊਜ਼ੀਅਮ ਪੂਰਾ ਕਰਾਂਗੇ, ਜਿਸ ਵਿਚ ਸਿੱਖ ਰਾਜ ਦੀ ਵਿਰਾਸਤ ਅਤੇ 1984 ਦੀ ਸ਼ਹੀਦੀ ਯਾਦਗਾਰ ਸ਼ਾਮਲ ਹੋਵੇਗੀ ।
- ਓਪਨ ਹਾਊਸ ਪ੍ਰੋਗਰਾਮ, ਜਿਸ ਰਾਹੀਂ ਗੈਰ-ਸਿੱਖਾਂ ਨੂੰ ਸਿੱਖ ਧਰਮ ਦੀ ਜਾਣਕਾਰੀ ਦਿੱਤੀ ਜਾਵੇਗੀ ਸ਼ੁਰੂ ਕਰਾਂਗੇ ।
- ਅੰਗਰੇਜ਼ੀ ਬੋਲਣ ਵਾਲੇ ਪ੍ਰਚਾਰਕਾਂ ਨੂੰ ਸੱਦਾਂਗੇ ਜਾਂ ਨੌਕਰੀ ਤੇ ਲਵਾਂਗੇ ਤਾਂ ਜੋ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ ।

### ਨੌਜਵਾਨ ਅਤੇ ਸਿੱਖਿਆ

- ਗੁਰੂ ਨਾਨਕ ਖਾਲਸਾ ਸਕੂਲ (GNKS): **ਗੈਰਜੂਏਸ਼ਨ ਤੋਂ ਬਾਅਦ**, ਉੱਚ ਪੱਧਰੀ ਕਲਾਸਾਂ ਸ਼ੁਰੂ ਕਰਾਂਗੇ ਤਾਂ ਜੋ ਵਿਦਿਆਰਥੀਆਂ ਦੀ ਗੁਰਬਾਣੀ ਪੜ੍ਹਨ, ਗੁਰਮਤਿ ਅਤੇ ਰਹਿਤ ਮਰਿਆਦਾ ਦੀ ਸਿੱਖਿਆ ਹੋਰ ਵੀ ਮਜ਼ਬੂਤ ਹੋ ਜਾਵੇ ।
- ਮਾਪਿਆਂ ਦੀ ਮਦਦ ਨਾਲ ਗੁਰੂ ਨਾਨਕ ਖਾਲਸਾ ਸਕੂਲ ਦੀਆਂ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਨੂੰ ਸਕੂਲਾਂ ਵਿਚ ਮਾਨਤਾ ਦਿਵਾਉਣ ਦੀ ਕੋਸ਼ਿਸ਼ ਕਰਾਂਗੇ।

### ਕਾਲਜ ਤਿਆਰੀ ਪ੍ਰੋਗਰਾਮ:

- ਅੰਗਰੇਜ਼ੀ, ਗਣਿਤ, ਕੁਦਰਤੀ ਅਤੇ ਕੰਪਿਊਟਰ ਵਿਗਿਆਨ ਵਿੱਚ ਟਿਊਸ਼ਨ ਪ੍ਰੋਗਰਾਮਾਂ ਦੀ ਅਗਵਾਈ ਵਾਸਤੇ ਮਾਨਤਾ ਪ੍ਰਾਪਤ ਹਾਈ ਸਕੂਲ ਅਧਿਆਪਕਾਂ ਜਾਂ ਵਲੰਟੀਅਰਾਂ ਨੂੰ ਸ਼ਾਮਲ ਕਰਾਂਗੇ ।
- ਕਾਲਜ ਕਾਊਂਸਲਿੰਗ ਪ੍ਰੋਗਰਾਮ ਨੂੰ ਮਜ਼ਬੂਤ ਕਰਾਂਗੇ ।
- ਨੌਜਵਾਨਾਂ ਲਈ ਰੋਬੋਟਿਕਸ ਲੈਬ ਬਣਾਵਾਂਗੇ, ਤਾਂ ਜੋ ਉਹ ਨਵੀਨਤਮ ਤਕਨਾਲੋਜੀ ਨਾਲ ਜੁੜੇ ਰਹਿਣ ।

**ਸਕਾਲਰਸ਼ਿਪ ਪ੍ਰੋਗਰਾਮ:** ਲੋੜਵੰਦ ਪਰਿਵਾਰਾਂ ਦੇ ਬੱਚਿਆਂ ਲਈ ਵਧੇਰੇ ਸਕਾਲਰਸ਼ਿਪਾਂ ਦਾ ਪ੍ਰਬੰਧ ਕਰਾਂਗੇ । ਸੰਗਤ ਨੂੰ ਸਕਾਲਰਸ਼ਿਪਾਂ ਸਪਾਂਸਰ ਕਰਨ ਲਈ ਉਤਸ਼ਾਹਿਤ ਕਰਾਂਗੇ।

**ਖੇਡਾਂ:** ਸਪੋਰਟਸ ਸੈਂਟਰ (ਬਾਸਕਟਬਾਲ ਕੋਰਟ, ਗੱਤਕਾ ਅਤੇ ਹੋਰ ਸਿਹਤ-ਕੇਂਦ੍ਰਿਤ ਸਹੂਲਤਾਂ) ਨੂੰ ਵਧਾਵਾਂਗੇ ।

**ਤੰਦਰੁਸਤੀ ਅਤੇ ਪਰਿਵਾਰਕ ਸਹਾਇਤਾ:** ਸੰਗਤ ਦੇ ਵੱਡੇ ਉਮਰ ਦੇ ਲੋਕਾਂ ਲਈ ਨਾਮ ਸਿਮਰਨ, ਕਸਰਤ, ਆਪਸੀ ਮਿਲਾਪ ਅਤੇ ਦੁਪਹਿਰ ਦੇ ਖਾਣੇ ਦੀ ਸਹੂਲਤ ਵਧਾਵਾਂਗੇ।

**ਪਰਿਵਾਰਕ ਤੰਦਰੁਸਤੀ ਪ੍ਰੋਗਰਾਮ:** ਬੱਚਿਆਂ ਦੇ ਪਾਲਣ-ਪੋਸ਼ਣ, ਵਿਆਹੁਤਾ ਸਬੰਧਾਂ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਰਗੇ ਪਰਿਵਾਰਕ ਮੁੱਦਿਆਂ ਲਈ ਮਾਹਿਰ ਸਲਾਹਕਾਰਾਂ ਦਾ ਪ੍ਰਬੰਧ ਕਰਾਂਗੇ। ਗੁਰਬਾਣੀ ਅਤੇ ਸਿੱਖ ਇਤਿਹਾਸ ਰਾਹੀਂ ਭੀ ਇਹਨਾਂ ਮੁੱਦਿਆਂ ਤੇ ਜਾਣਕਾਰੀ ਦਿੱਤੀ ਜਾਵੇਗੀ ।

**ਨਵੇਂ ਇਮੀਗ੍ਰੈਂਟ ਪਰਿਵਾਰਾਂ ਲਈ ਸਹਾਇਤਾ:** ਨਵੇਂ ਆਏ ਪਰਿਵਾਰਾਂ ਨੂੰ ਸਫ਼ਲਤਾ ਨਾਲ ਨਵੇਂ ਮਾਹੌਲ ਵਿਚ ਢਲਣ ਲਈ ਸਹਾਇਤਾ ਦਾ ਪ੍ਰਬੰਧ ਕਰਾਂਗੇ ।

**ਅੰਤਿਮ ਸੰਸਕਾਰ ਪ੍ਰਬੰਧ:** ਨੇੜਲੇ ਫਿਊਨਰਲ ਹੋਮਾਂ ਨਾਲ ਮਿਲਕੇ ਸਸਤੇ ਅੰਤਿਮ ਸੰਸਕਾਰਾਂ ਦਾ ਪ੍ਰਬੰਧ ਕਰਾਂਗੇ ।

### ਮੀਡੀਆ, ਤਕਨਾਲੋਜੀ ਅਤੇ ਪਹੁੰਚ

- ਸੋਸ਼ਲ ਮੀਡੀਆ: ਸਿੱਖ ਪ੍ਰਚਾਰ ਲਈ ਗੁਰਦੁਆਰਾ ਸੋਸ਼ਲ ਮੀਡੀਆ ਦੀ ਮੌਜੂਦਗੀ ਅਤੇ ਪਹੁੰਚ ਨੂੰ ਵਧਾਵਾਂਗੇ।
- ਆਡੀਓ/ਵਿਜ਼ੂਅਲ ਸਟੂਡੀਓ: ਸਿੱਖੀ ਪ੍ਰਚਾਰ ਅਤੇ ਵਿਦਿਅਕ ਵੀਡੀਓ ਤਿਆਰ ਕਰਨ ਲਈ ਇੱਕ ਸਾਊਂਡਪਰੂਫ ਆਡੀਓ/ਵਿਜ਼ੂਅਲ ਸਟੂਡੀਓ ਬਣਾਵਾਂਗੇ।

### ਭਾਈਚਾਰਕ ਅਤੇ ਨਾਗਰਿਕ ਭਾਗੀਦਾਰੀ:

- ਅਮਰੀਕੀ ਰਾਜਨੀਤਿਕ ਦਫਤਰਾਂ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਪ੍ਰਾਪਤ ਕਰਨ ਵਿੱਚ ਮਦਦ ਕਰਾਂਗੇ।
- ਸ਼ਹਿਰੀ, ਰਾਜ ਅਤੇ ਸੰਘੀ ਨੇਤਾਵਾਂ ਤੱਕ ਸਿੱਖ ਮੁੱਦਿਆਂ ਬਾਰੇ ਜਾਗਰੂਕਤਾ ਪਹੁੰਚਾਵਾਂਗੇ ।

### ਬੁਨਿਆਦੀ ਢਾਂਚਾ ਅਤੇ ਵਿਕਾਸ:

- ਲੰਗਰ ਰਸੋਈ ਨੂੰ ਅਪਗ੍ਰੇਡ ਕਰਕੇ ਆਧੁਨਿਕ ਬਣਾਵਾਂਗੇ ਅਤੇ ਭਾਰੀ ਭਾਂਡਿਆਂ ਅਤੇ ਗਰਮ ਤਰਲ ਪਦਾਰਥਾਂ ਨਾਲ ਕੰਮ ਕਰਣ ਲਈ ਮਸ਼ੀਨਾ ਦਾ ਪ੍ਰਬੰਧ ਕਰਾਂਗੇ ।
- ਭੀੜ-ਭੜੱਕੇ ਨੂੰ ਘਟਾਉਣ ਅਤੇ ਸਮੁੱਚੇ ਟ੍ਰੈਫਿਕ ਪ੍ਰਵਾਹ ਨੂੰ ਬੇਹਤਰ ਬਣਾਉਣ ਲਈ ਪਾਰਕਿੰਗ ਢਾਂਚੇ ਅਤੇ ਟ੍ਰੈਫਿਕ ਪ੍ਰਬੰਧ ਨੂੰ ਹੋਰ ਵਧੀਆ ਕਰਾਂਗੇ।
- ਇਲੈਕਟ੍ਰਿਕ ਕਾਰਾਂ ਲਈ ਚਾਰਜਿੰਗ ਸਟੇਸ਼ਨਾ ਦੀ ਗਿਣਤੀ ਵਧਾਵਾਂਗੇ ।
- ਬਿਜਲੀ ਦੀ ਭਰੋਸੇਯੋਗਤਾ ਵਧਾਉਣ ਲਈ ਸੋਲਰ ਸਿਸਟਮ ਨੂੰ ਅਪਗ੍ਰੇਡ ਕਰਕੇ, ਬੈਕਅੱਪ ਪਾਵਰ ਦਾ ਪ੍ਰਬੰਧ ਕਰਾਂਗੇ ।
- ਗੁਰਦੁਆਰਾ ਸਾਹਿਬ ਕੰਪਲੈਕਸ ਵਿੱਚ ਸੁਰੱਖਿਆ ਨੂੰ ਹੋਰ ਵੀ ਭਰੋਸੇਯੋਗ ਬਨਾਉਣ ਦਾ ਉਪਾਅ ਕਰਾਂਗੇ।
- ਗੁਰਦੁਆਰਾ ਸਹੂਲਤਾਂ ਦੀ ਨਿਯਮਤ ਦੇਖਭਾਲ ਲਈ ਇੱਕ ਸਮਾਂ-ਸਾਰਣੀ ਸਥਾਪਤ ਕਰਕੇ, ਉਸਨੂੰ ਲਾਗੂ ਕਰਾਂਗੇ ।


ਗੁਰਦਵਾਰਾ ਸਾਹਿਬ ਸੈਨ ਹੋਜ਼ੇ
Current Parbandhak Committee Slate Candidates
ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ
ELECTION DATE October 12th, 2025 (Sunday)
Bhupindar S. Dhillon
ਭੁਪਿੰਦਰ (ਬੋਬ) ਸਿੰਘ ਢਿਲੋਂ
Dr. Gurinder Pal Singh
ਡਾ: ਗੁਰਿੰਦਰ ਪਾਲ ਸਿੰਘ
Pritam Singh Grewal
ਪ੍ਰੀਤਮ ਸਿੰਘ ਗਰੇਵਾਲ
Narinder Kaur Meharu
ਨਰਿੰਦਰ ਕੌਰ ਮਹੇੜੂ
Rajinder Singh Manger
ਰਾਜਿੰਦਰ ਸਿੰਘ ਮੰਗਰ
Surjit Singh Bains
ਸੁਰਜੀਤ ਸਿੰਘ ਬੈਂਸ
Sohan Singh Dhanota
ਸੋਹਨ ਸਿੰਘ ਧਨੋਟਾ
Sukhdev Singh Bainiwal
ਸੁਖਦੇਵ ਸਿੰਘ ਬੈਨੀਵਾਲ
Gurpreet Singh
ਗੁਰਪ੍ਰੀਤ ਸਿੰਘ
Harduman (Billa) S. Sanghera
ਹਰਦੁਮਨ (ਬਿੱਲਾ) ਸਿੰਘ ਸੰਗੇੜਾ
Sharanjit Kaur Bhandal
ਸ਼ਰਨਜੀਤ ਕੌਰ ਭੰਡਾਲ
Harparminder S. Powar
ਹਰਪ੍ਰਮਿੰਦਰ ਸਿੰਘ ਪੋਵਾਰ
Jorawar Singh
ਜੋਰਾਵਰ ਸਿੰਘ
Dr. Balbir Singh Bains
ਡਾ: ਬਲਬੀਰ ਸਿੰਘ ਬੈਂਸ
Kuldip Singh Shergill
ਕੁਲਦੀਪ ਸਿੰਘ ਸ਼ੇਰਗਿਲ
Gurpreet Singh Sethi
ਗੁਰਪ੍ਰੀਤ ਸਿੰਘ ਸੇਠੀ
Bahadur Singh Deol
ਬਹਾਦੁਰ ਸਿੰਘ ਦਿਉਲ
Pritpal Kaur
ਪ੍ਰਤਿਪਾਲ ਕੌਰ
Dr. Harjinder Singh Ladhar
ਡਾ: ਹਰਜਿੰਦਰ ਸਿੰਘ ਲੱਧੜ
Gurbux Singh Dhillon
ਗੁਰਬਖਸ਼ ਸਿੰਘ ਢਿਲੋਂ
Kirpal Singh Atwal
ਕਿਰਪਾਲ ਸਿੰਘ ਅਟਵਾਲ
ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ
ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ

# ਡਿਪਟੀ ਕਮਿਸ਼ਨਰ ਵੱਲੋਂ ਰਾਹਤ ਕੇਂਦਰਾਂ ਦਾ ਦੌਰਾ

## ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਲਈ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਵਚਨਬੱਧ

ਮਾਨਸਾ ਸਾਂਝੀ ਸੋਚ ਬਿਊਰੋ

ਡਿਪਟੀ ਕਮਿਸ਼ਨਰ ਮਾਨਸਾ ਨਵਜੋਤ ਕੌਰ, ਆਈ.ਏ.ਐਸ. ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸਥਾਪਿਤ ਕੀਤੇ ਰਾਹਤ ਕੇਂਦਰਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਰਾਹਤ ਕੇਂਦਰਾਂ ਵਿੱਚ ਤਾਇਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਡਿਊਟੀ ਨਿਭਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਕੁਦਰਤੀ ਕਰੋਪੀ ਦੇ ਸਮੇਂ ਵਿੱਚ ਰਾਹਤ ਕੇਂਦਰਾਂ ਵਿੱਚ ਯੋਗ ਪ੍ਰਬੰਧ ਯਕੀਨੀ ਬਣਾਏ ਜਾਣ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਕੋਈ ਦਿੱਕਤ ਪੇਸ਼ ਨਾ ਆਵੇ ਅਤੇ ਲੋਕਾਂ ਨੂੰ ਸੁਚਾਰੂ ਢੰਗ ਨਾਲ ਰਾਹਤ ਪ੍ਰਦਾਨ ਕੀਤੀ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਗੁਰਲੀਨ ਕੌਰ ਆਈ.ਏ.ਐਸ (ਯੂ.ਟੀ.) ਅਤੇ ਐਸ.ਡੀ.ਐਮ. ਬੁਢਲਾਡਾ ਗਗਨਦੀਪ ਸਿੰਘ ਵੀ ਮੌਜੂਦ ਸਨ। ਸਰਕਾਰੀ ਪ੍ਰਾਇਮਰੀ ਸਕੂਲ ਖੱਤਰੀਵਾਲਾ ਦਾ ਦੌਰਾ ਕਰਦਿਆਂ ਉਨ੍ਹਾਂ ਸਕੂਲ ਅਤੇ ਵਾਲਮੀਕਿ ਧਰਮਸ਼ਾਲਾ ਵਿਖੇ ਰਹਿ ਰਹੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇੱਥੇ ਰਹਿਣ ਵਾਲੇ ਲੋਕਾਂ ਨੂੰ ਖਾਣ-ਪੀਣ, ਦਵਾਈਆਂ, ਪੀਣ ਵਾਲੇ ਸਾਫ ਪਾਣੀ ਅਤੇ ਅਤੇ ਬਿਸਤਰਿਆਂ ਦਾ ਢੁਕਵਾਂ ਪ੍ਰਬੰਧ ਰੱਖਿਆ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਆਦੇਸ਼ ਦਿੱਤੇ ਕਿ ਰਾਹਤ ਕੇਂਦਰਾਂ ਅੰਦਰ ਪਖਾਨਿਆਂ



ਅਤੇ ਰਹਿਣ ਵਾਲੀ ਥਾਂ ਦੀ ਸਾਫ ਸਫਾਈ ਯਕੀਨੀ ਬਣਾਈ ਜਾਵੇ ਤਾਂ ਜੋ ਹਰ ਨਾਗਰਿਕ ਦੀ ਤੰਦਰੁਸਤੀ ਦਾ ਖਾਸ ਖਿਆਲ ਰੱਖਿਆ ਜਾ ਸਕੇ ਅਤੇ ਬਿਮਾਰੀਆਂ ਫੈਲਣ ਤੋਂ ਬਚਾਅ ਹੋ ਸਕੇ। ਉਨ੍ਹਾਂ ਐਸ.ਐਮ.ਓ. ਨੂੰ ਹਦਾਇਤ ਕੀਤੀ ਕਿ ਰਾਹਤ ਕੇਂਦਰ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਦਵਾਈਆਂ ਦਾ ਮੁਕੰਮਲ ਪ੍ਰਬੰਧ ਰੱਖਿਆ ਜਾਵੇ ਤਾਂ ਜੋ ਕਿਸੇ ਵੀ ਗੰਭੀਰ ਬਿਮਾਰੀ ਦੀ ਹਾਲਤ ਵਿਚ ਮਰੀਜ਼ ਦਾ ਤੁਰੰਤ ਇਲਾਜ਼ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੈਡੀਕਲ ਟੀਮ ਸਵੇਰੇ 08 ਵਜੇ ਤੋਂ ਰਾਤ 08 ਵਜੇ ਤੱਕ ਕਾਰਜਸ਼ੀਲ ਰਹੇਗੀ। ਉਨ੍ਹਾਂ ਸਬੰਧਤ ਥਾਣਾ ਮੁਖੀ ਨੂੰ ਹਦਾਇਤ ਕੀਤੀ ਕਿ ਰਾਹਤ ਕੇਂਦਰਾਂ 'ਤੇ ਪੁਲਿਸ ਕਰਮੀ ਦੀ ਤੈਨਾਤੀ ਕੀਤੀ ਜਾਵੇ ਤਾਂ ਜੋ ਰਾਹਤ ਕੇਂਦਰਾਂ ਵਿਚ ਰਹਿਣ ਵਾਲੇ ਬੱਚਿਆਂ ਅਤੇ ਔਰਤਾਂ ਦੀ ਸੁਰੱਖਿਆ ਦਾ ਵੀ ਖਾਸ ਖਿਆਲ ਰੱਖਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੜ੍ਹ ਸੰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਹੂਲਤ ਲਈ ਜ਼ਿਲ੍ਹੇ ਵਿੱਚ 19 ਰਾਹਤ ਕੇਂਦਰ ਸਥਾਪਤ ਕੀਤੇ ਗਏ ਹਨ। ਜਿਨ੍ਹਾਂ ਵਿੱਚ 2 ਰਾਹਤ ਕੇਂਦਰ ਮਾਨਸਾ ਸਬ-ਡਵੀਜ਼ਨ, 09 ਬੁਢਲਾਡਾ ਸਬ-ਡਵੀਜ਼ਨ ਅਤੇ 8 ਰਾਹਤ ਕੇਂਦਰ ਸਰਦੂਲਗੜ੍ਹ ਸਬ-ਡਵੀਜ਼ਨ ਵਿਖੇ ਬਣਾਏ ਗਏ ਹਨ। ਅੱਜ ਦੇ ਆਪਣੇ ਦੌਰੇ ਦੌਰਾਨ ਉਨ੍ਹਾਂ ਇੱਥੇ ਰਹਿ ਰਹੇ ਪਰਿਵਾਰਾਂ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਟੀਮਾਂ ਦਾ ਗਠਨ ਕਰਕੇ ਹਰ ਤਰ੍ਹਾਂ ਦੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੜ੍ਹਾਂ ਸਬੰਧੀ ਜਾਣਕਾਰੀ ਅਤੇ ਸਹਾਇਤਾ ਲਈ ਜ਼ਿਲ੍ਹਾ ਪੱਧਰੀ ਹੜ੍ਹ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸਦਾ ਨੰਬਰ 01652-229082 ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਰਿਆ ਦੇ ਕੰਢਿਆਂ ਨੇੜੇ ਜਾਣ ਤੋਂ ਗੁਰੇਜ਼ ਕਰਨ।

# ਸਿਵਲ ਸਰਜਨ ਵੱਲੋਂ ਬਲਾਕ ਬੁਢਲਾਡਾ ਅਤੇ ਬਰੇਟਾ ਦੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕਰਕੇ ਸਿਹਤ ਸੇਵਾਵਾਂ ਦਾ ਜਾਇਜ਼ਾ

ਬੁਢਲਾਡਾ ਸਾਂਝੀ ਸੋਚ ਬਿਊਰੋ

ਸਿਵਲ ਸਰਜਨ ਡਾ. ਅਰਵਿੰਦ ਪਾਲ ਸਿੰਘ ਨੇ ਐਸ.ਡੀ.ਐਚ, ਬੁਢਲਾਡਾ ਵਿਖੇ ਐਸ.ਐਮ.ਓ., ਨੋਡਲ ਅਫਸਰ ਅਤੇ ਮੈਡੀਕਲ ਅਫਸਰਾਂ ਅਤੇ ਅਧਿਕਾਰੀਆਂ, ਕਰਮਚਾਰੀਆਂ ਨਾਲ ਇੱਕ ਮੀਟਿੰਗ ਦੌਰਾਨ ਦਵਾਈਆਂ ਅਤੇ ਟੀਮਾਂ ਦਾ ਜਾਇਜ਼ਾ ਲਿਆ ਅਤੇ ਇਸ ਕੁਦਰਤੀ ਆਫ਼ਤ ਦੌਰਾਨ ਹਰ ਸੰਭਵ ਮਦਦ ਲਈ ਲੋੜੀਂਦੇ ਪ੍ਰਬੰਧ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਹੜ੍ਹਾਂ ਦੀ ਸਥਿਤੀ ਦੌਰਾਨ ਕਿਸੇ ਵੀ ਅਧਿਕਾਰੀ/ ਕਰਮਚਾਰੀ ਨੂੰ ਛੁੱਟੀ ਨਾ ਲੈਣ ਦੀ ਹਦਾਇਤ ਕੀਤੀ। ਇਸ ਉਪਰੰਤ ਬਰੇਟਾ ਦੇ ਵਾਰਡ ਨੰਬਰ 04 ਚਾਰ ਵਿਖੇ ਚੱਲ ਰਹੇ ਮੈਡੀਕਲ ਕੈਂਪ ਦਾ ਜਾਇਜ਼ਾ ਲਿਆ ਗਿਆ। ਮੈਡੀਕਲ ਟੀਮ ਨੂੰ ਲਗਾਤਾਰ ਡਿਊਟੀ ਕਰਨ ਅਤੇ ਸੰਪੂਰਨ ਤੌਰ 'ਤੇ ਦਵਾਈਆਂ ਦੇ ਪ੍ਰਬੰਧ ਰੱਖਣ ਦੀ ਹਦਾਇਤ ਕੀਤੀ।

ਇਸ ਉਪਰੰਤ ਪਿੰਡ ਖੱਤਰੀ ਵਾਲਾ ਵਿਖੇ ਢਾਣੀ ਵਿਖੇ ਪਾਣੀ ਜਿਆਦਾ ਹੋਣ ਕਾਰਨ ਜੋ ਲੋਕ ਗੁਰੂ ਘਰਾਂ ਤੇ ਧਰਮਸ਼ਾਲਾ ਵਿੱਚ ਸ਼ਿਫਟ ਹੋਏ ਹਨ ਉਨ੍ਹਾਂ ਦਾ ਹਾਲ ਜਾਣਿਆ। ਇੱਥੇ



ਮੈਡੀਕਲ ਟੀਮ ਰੈਗੂਲਰ ਤੌਰ 'ਤੇ ਬੈਠੇ ਰਹਿਣ ਦੀ ਹਦਾਇਤ ਕੀਤੀ। ਉਨ੍ਹਾ ਇਸ ਮੌਕੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਸੁਚੇਤ ਰਹਿਣ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਸੱਪ ਆਦਿ ਦੇ ਕੱਟਣ ਦੀ ਸਥਿਤੀ ਵਿੱਚ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਇਸ ਦੇ ਇਲਾਜ਼ ਦਾ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਹੜ੍ਹਾਂ ਸਬੰਧੀ ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ 'ਤੇ ਸਿਹਤ ਵਿਭਾਗ ਵੱਲੋਂ ਕੰਟਰੋਲ ਰੂਮ ਬਣਾਏ ਗਏ ਹਨ ਜਿਸ ਦਾ ਨੰਬਰ 01652-227056 ਹੈ।

ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਕੋਲ ਓ.ਆਰ.ਐਸ., ਜਿੰਕ ਅਤੇ ਕਲੋਰੀਨ ਦੀ ਗੋਲੀਆਂ ਲੋੜੀਦੀ ਮਾਤਰਾ ਵਿੱਚ ਮੌਜੂਦ ਹਨ। ਸਿਹਤ ਕਰਮਚਾਰੀਆਂ ਅਤੇ ਆਸ਼ਾ ਵਰਕਰਾਂ ਵੱਲੋਂ ਘਰ ਘਰ ਜਾ ਕੇ ਵੰਡੀਆਂ ਜਾ ਰਹੀਆਂ ਹਨ। ਇਸ ਮੌਕੇ ਸੰਤੋਸ਼ ਭਾਰਤੀ ਐਪੀਡਮੈਲੋਜਿਸਟ,ਸ਼ਮਸ਼ੇਰ ਸਿੰਘ ਸਿਹਤ ਸੁਪਰਵਾਈਜ਼ਰ ਜਗਦੀਸ਼ ਕੁਲਰੀਆਂ ਸਿਹਤ ਕਰਮਚਾਰੀ, ਬੂਟਾ ਸਿੰਘ ਅਤੇ ਬਲਜੀਤ ਸਿੰਘ ਸਿਹਤ ਕਰਮਚਾਰੀ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਪਿੱਤੇ ਦੀ ਪੱਥਰੀਆਂ ਦੇ ਅਪਰੇਸ਼ਨਾਂ ਦਾ ਕੇਂਦਰ ਬਣਿਆ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ

## ਢਾਹਾਂ ਕਲੇਰਾਂ ਹਸਪਤਾਲ ਦੇ ਡਾ. ਮਾਨਵਦੀਪ ਸਿੰਘ ਬੈਂਸ ਵੱਲੋਂ ਕੀਤੇ ਅਪਰੇਸ਼ਨ ਨਾਲ 116 ਕਿਲੋ ਭਾਰੇ ਰੋਗੀ ਨੂੰ ਮਿਲੀ ਨਵੀਂ ਜ਼ਿੰਦਗੀ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਲੈਪਰੋਸਕੋਪਿਕ ਅਤੇ ਜਰਨਲ ਸਰਜਨ ਡਾ. ਮਾਨਵਦੀਪ ਸਿੰਘ ਬੈਂਸ ਨੇ 116ਕਿਲੋਗ੍ਰਾਮ ਭਾਰ ਵਾਲੇ ਮੋਟਾਪੇ ਕਾਰਨ ਅੰਕਸ਼ ਦਿਲ ਦੇ ਰੋਗੀ ਮਰੀਜ਼ ਦੇ ਖਰਾਬ ਪਿੱਤੇ ਦਾ ਸਫਲ ਅਪਰੇਸ਼ਨ ਕਰਨ ਦਾ ਸਮਾਚਾਰ ਹੈ। ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦੇ ਡਾ. ਬੈਂਸ ਨੇ ਦੱਸਿਆ ਕਿ ਸਰਜਰੀ ਵਿਭਾਗ ਦੀ ਉ ਪੀ ਡੀ ਵਿਚ 56 ਸਾਲ ਦੀ ਮਰੀਜ਼ ਬੀਬੀ ਸਵਿਤਾ ਰਾਣੀ ਆਏ। ਉਹਨਾਂ ਦੀ ਜਾਂਚ ਕਰਨ ਉਪਰੰਤ ਪਤਾ ਲੱਗਾ ਕਿ ਉਹਨਾਂ ਦਾ ਪਿੱਤਾ, ਪੱਥਰੀਆਂ ਕਰਕੇ ਖਰਾਬ ਹੋ ਰਿਹਾ ਹੈ ਅਤੇ ਸੋਜਿਸ਼ ਵੀ ਵੱਧ ਰਹੀ ਹੈ। ਉਹਨਾਂ ਦਾ ਭਾਰ ਜ਼ਿਆਦਾ ਹੋਣ ਕਰਕੇ ਪੈਦਾ ਹੋਈਆਂ ਕੁਝ ਅਲਾਮਤਾਂ ਕਰਕੇ ਵੱਡੇ ਸ਼ਹਿਰਾਂ ਦੇ ਹਸਪਤਾਲਾਂ ਵੱਲੋਂ ਜਵਾਬ ਮਿਲ ਚੁੱਕਾ ਸੀ। ਉਹਨਾਂ ਦੇ ਪਰਿਵਾਰ ਵੱਲੋਂ ਇਲਾਜ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਰਜਰੀ ਵਿਭਾਗ ਵਿਚ ਡਾ. ਮਾਨਵਦੀਪ ਸਿੰਘ ਬੈਂਸ ਕੋਲ ਲਿਆਂਦਾ ਗਿਆ ਸੀ।

ਪਰਿਵਾਰ ਨਾਲ ਮਸ਼ਵਰੇ ਉਪਰੰਤ ਮਰੀਜ਼ ਬੀਬੀ ਸਵਿਤਾ ਰਾਣੀ ਦਾ ਲੈਪਰੋਸਕੋਪਿਕ ਸਰਜਰੀ ਨਾਲ ਅਪਰੇਸ਼ਨ ਕਰਕੇ ਖਰਾਬ ਪਿੱਤਾ ਬਾਹਰ ਕੱਢਿਆ ਗਿਆ। ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਮੈਡੀਕਲ ਅਤੇ ਦਿਲ ਦੇ ਰੋਗਾਂ ਦੇ ਮਾਹਿਰ ਡਾ. ਵਿਵੇਕ ਗੁੰਬਰ ਅਤੇ ਐਨਸਥੀਸੀਆ ਮਾਹਿਰ ਡਾ. ਦੀਪਕ ਦੁੱਗਲ ਐਮ ਡੀ ਵੱਲੋਂ ਹਾਈਰਿਸਕ ਮਰੀਜ਼ ਦੀ ਦਿਲ ਦੀ ਬਿਮਾਰੀ ਦਾ ਧਿਆਨ ਰੱਖਣ ਵਿਚ ਵਿਸ਼ੇਸ਼ ਸਹਿਯੋਗ ਦਿੱਤਾ। ਹੁਣ ਅਪਰੇਸ਼ਨ ਉਪਰੰਤ ਮਰੀਜ਼ ਬੀਬੀ ਸਵਿਤਾ ਰਾਣੀ ਤੰਦਰੁਸਤ ਹੈ ਅਤੇ ਖੁਸ਼ ਹਨ। ਮਰੀਜ਼ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਬੀਬੀ ਸਵਿਤਾ ਰਾਣੀ ਦਾ ਵਧੀਆ ਅਪਰੇਸ਼ਨ ਕਰਕੇ ਤੰਦਰੁਸਤ ਕਰਨ ਲਈ ਡਾਕਟਰ ਮਾਨਵਦੀਪ ਸਿੰਘ ਬੈਂਸ ਅਤੇ ਸਮੂਹ ਹਸਪਤਾਲ ਸਟਾਫ ਦਾ ਹਾਰਦਿਕ ਧੰਨਵਾਦ ਕੀਤਾ। ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਵੀ ਮਰੀਜ਼ ਦੇ ਸਫਲ ਅਪਰੇਸ਼ਨ ਲਈ ਡਾਕਟਰ ਮਾਨਵਦੀਪ ਸਿੰਘ ਬੈਂਸ ਅਤੇ ਟੀਮ ਨੂੰ ਵਧਾਈ ਦਿੱਤੀ। ਵਰਨਣਯੋਗ ਹੈ ਕਿ ਸਰਜਰੀ ਵਿਭਾਗ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪਿੱਤੇ ਦੀਆਂ ਪੱਥਰੀਆਂ, ਹਰਨੀਆਂ ਅਤੇ ਪੇਟ



ਦੀਆਂ ਬਿਮਾਰੀਆਂ ਦੇ ਇਲਾਜ ਅਤੇ ਅਪਰੇਸ਼ਨਾਂ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਐਮਰੀਜੈਂਸੀ, ਆਈ,ਸੀ,ਯੂ,, ਐਚ,ਡੀ,ਯੂ, ਵਾਰਡ, ਅਪਰੇਸ਼ਨ ਥੀਏਟਰ ਆਦਿ ਮੌਜੂਦ ਹਨ, ਜਿੱਥੇ ਤਾਇਨਾਤ ਮਾਹਿਰ ਡਾਕਟਰ ਸਾਹਿਬਾਨ ਅਤੇ ਮੈਡੀਕਲ ਸਟਾਫ 24 ਘੰਟੇ ਮਰੀਜ਼ਾਂ ਦੀ ਵਧੀਆ ਸਾਂਭ ਸੰਭਾਲ ਕਰਦਾ ਹੈ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਪਾਕਿਸਤਾਨ ਦੇ ਮੰਤਰੀ ਵੱਲੋਂ ਹੜ੍ਹ ਨੂੰ "ਰੱਬੀ ਰਹਿਮਤ" ਦੱਸਣਾ ਅਵਾਮ ਪ੍ਰਤੀ ਰਾਜਨੀਤਿਕ ਬੇਦਰਦੀ ਦਾ ਸਿਖਰ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਵੱਲੋਂ ਹੜ੍ਹ ਪੀੜਤਾਂ ਬਾਰੇ ਦਿੱਤੇ ਗਏ ਬੇਦਿਲ ਤੇ ਗੈਰ-ਜ਼ਿੰਮੇਵਾਰ ਬਿਆਨ 'ਤੇ ਗਹਿਰਾ ਰੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪਾਕਿਸਤਾਨ ਦੇ ਲੱਖਾਂ ਲੋਕ ਹੜ੍ਹ ਦੀ ਭਿਆਨਕ ਮਾਰ ਹੇਠ ਆਪਣੇ ਘਰ-ਬਾਰ, ਖੇਤ-ਖਲਿਹਾਣ, ਬੱਚਿਆਂ ਦੇ ਸਕੂਲ ਅਤੇ ਬਜ਼ੁਰਗਾਂ ਦੀਆਂ ਯਾਦਾਂ ਨੂੰ ਪਾਣੀਆਂ 'ਚ ਡੁੱਬਦੇ ਵੇਖ ਕੇ ਰੋ ਰਹੇ ਹਨ, ਉਸ ਵੇਲੇ ਇੱਕ ਜ਼ਿੰਮੇਵਾਰ ਮੰਤਰੀ ਵੱਲੋਂ ਹੜ੍ਹ ਨੂੰ "ਰੱਬੀ ਰਹਿਮਤ" ਦੱਸਣਾ ਮਨੁੱਖਤਾ ਲਈ ਸਭ ਤੋਂ ਵੱਡਾ ਤਮਾਚਾ ਹੈ। "ਲੋਕਾਂ ਨੂੰ ਪਾਣੀ ਘਰਾਂ 'ਚ ਭਾਂਡਿਆਂ ਵਿੱਚ ਸਟੋਰ ਕਰਨ ਦੀ ਮੂਰਖਤਾਪੂਰਨ ਸਲਾਹ ਅਤੇ ਪੀੜਤ ਲੋਕਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਦਾ ਕੰਮ ਸਿਰਫ਼ ਪਾਕਿਸਤਾਨ ਵਰਗੇ ਦੇਸ਼ ਵਿੱਚ ਹੀ ਕੀਤਾ ਜਾ ਸਕਦਾ ਹੈ। ਇਹ ਬਿਆਨ ਸਾਬਤ ਕਰਦਾ ਹੈ ਕਿ ਪਾਕਿਸਤਾਨ ਦੀ ਲੀਡਰਸ਼ਿਪ ਵਿੱਚ ਸੰਕਟ-ਕਾਲ 'ਚ ਵੀ ਆਪਣੀ ਅਵਾਮ ਦੇ ਦੁੱਖ-ਦਰਦ ਪ੍ਰਤੀ ਨਾ ਕੋਈ ਸੰਵੇਦਨਸ਼ੀਲਤਾ ਹੈ ਅਤੇ ਨਾ ਹੀ ਰਾਜਨੀਤਿਕ ਜ਼ਿੰਮੇਵਾਰੀ।

ਪ੍ਰੋ. ਖਿਆਲਾ ਨੇ ਪਾਕਿਸਤਾਨੀ ਹਕੂਮਤ ਅਤੇ ਮੀਡੀਆ ਵੱਲੋਂ ਭਾਰਤ 'ਤੇ ਹੜ੍ਹਾਂ ਲਈ ਜ਼ਿੰਮੇਵਾਰ ਠਹਿਰਾਉਣ 'ਤੇ ਵੀ ਸਖ਼ਤ ਹੈਰਾਨੀ ਜਤਾਈ। ਉਨ੍ਹਾਂ ਨੇ ਕਿਹਾ ਕਿ ਦਰਿਆਈ ਪਾਣੀਆਂ ਦੇ ਵਹਾਅ ਬਾਰੇ ਭਾਰਤ ਵੱਲੋਂ ਜਾਣਕਾਰੀ ਨਾ ਦੇਣ ਦੇ ਲਗਾਏ ਜਾ ਰਹੇ ਇਲਜ਼ਾਮ ਪੂਰੀ ਤਰ੍ਹਾਂ ਤੱਥਾਂ ਤੋਂ ਕੋਹਾਂ ਦੂਰ ਅਤੇਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਪਹਿਲਗਾਮ ਵਿੱਚ 26 ਨਿਰਦੋਸ਼ ਭਾਰਤੀ ਨਾਗਰਿਕਾਂ ਦੀ ਪਾਕਿਸਤਾਨ-ਪ੍ਰੋਤਸਾਹਿਤ ਅੱਤਵਾਦੀਆਂ ਵੱਲੋਂ ਕੀਤੀ ਨਿਰਦਈ ਹੱਤਿਆ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਰੱਦ ਕਰ ਦਿੱਤਾ ਸੀ। ਇਸ ਦੇ ਬਾਵਜੂਦ ਵੀ ਭਾਰਤ ਨੇ ਮਨੁੱਖਤਾ ਦੇ ਆਧਾਰ 'ਤੇ ਪਾਕਿਸਤਾਨ ਨੂੰ ਨਿਰੰਤਰ ਦਰਿਆਈ ਪਾਣੀਆਂ ਦੇ ਵਹਾਅ ਅਤੇ ਸੰਭਾਵੀ ਹੜ੍ਹਾਂ ਬਾਰੇ ਆਗਾਹ ਕੀਤਾ। ਇਸਲਾਮਾਬਾਦ ਵਿਚ ਭਾਰਤੀ ਹਾਈ ਕਮਿਸ਼ਨ ਵੱਲੋਂ 25 ਅਗਸਤ ਤੋਂ 3 ਵਾਰ ਤਵੀ ਦਰਿਆ ਵਿੱਚ ਹੜ੍ਹਾਂ ਬਾਰੇ ਅਲਰਟ ਜਾਰੀ ਕਰਨ ਤੋਂ ਇਲਾਵਾ ਭਾਰਤ ਨੇ ਸਤਲੁਜ, ਬਿਆਸ ਅਤੇ ਰਾਵੀ ਦਰਿਆ ਬਾਰੇ ਵੀ ਸਮੇਂ-ਸਿਰ ਚੇਤਾਵਨੀ ਦਿੱਤੀ। ਜਿਸ ਤੋਂ ਬਾਅਦ ਹੀ ਪਾਕਿਸਤਾਨੀ ਸਰਕਾਰ ਨੇ ਪੰਜਾਬ ਤੇ ਸਿੰਧ ਤੋਂ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਵਲ ਕੱਢਣਾ ਸ਼ੁਰੂ ਕੀਤਾ। ਇਹ ਸਾਰੇ ਤੱਥ ਸਾਬਤ ਕਰਦੇ ਹਨ ਕਿ ਭਾਰਤ ਨੇ ਮਨੁੱਖੀ ਸੰਵੇਦਨਸ਼ੀਲਤਾ ਦੇ ਆਧਾਰ 'ਤੇ ਪਾਕਿਸਤਾਨ ਨੂੰ ਨਿਰੰਤਰ ਚੇਤਾਵਨੀਆਂ ਅਤੇ ਡਾਟਾ ਮੁਹੱਈਆ ਕਰਵਾ ਕੇ ਆਪਣੇ ਪੜੋਸੀ ਦੇਸ਼ ਦੇ ਅਵਾਮ ਦੀ ਜਾਨ ਮਾਲ ਦੀ ਰੱਖਿਆ ਲਈ ਮਨੁੱਖਤਾ-ਅਧਾਰਿਤ ਰਵੱਈਆ ਅਪਣਾਇਆ ਹੈ। ਇਸ ਮੌਕੇ ਪ੍ਰੋ. ਖਿਆਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੜੀ ਆਲੋਚਨਾ ਕਰਦਿਆਂ ਕਿਹਾ ਕਿ ਜਿੱਥੇ ਪੀੜਤ ਪਰਿਵਾਰ ਆਪਣੀਆਂ ਛੱਤਾਂ ਤੋਂ ਚੀਕਾਂ ਮਾਰਦੇ ਹਨ, ਉੱਥੇ ਮੁੱਖ ਮੰਤਰੀ ਮਾਨ ਵੱਲੋਂ ਆਪਣੇ ਹੀ ਪਾਰਟੀ ਵਰਕਰਾਂ ਨੂੰ ਹੜ੍ਹ ਪੀੜਤਾਂ ਵਜੋਂ ਕੀਤੀ ਗਈ ਰਾਜਨੀਤਿਕ ਡਰਾਮੇਬਾਜ਼ੀ ਨੇ ਅਸਲ ਪੀੜਤ ਲੋਕਾਂ ਦੇ ਦੁੱਖਾਂ ਦਾ ਮਜ਼ਾਕ ਉਡਾਇਆ ਹੈ। ਇਹ ਰਾਜਨੀਤਿਕ ਡਰਾਮੇਬਾਜ਼ੀ ਪੀੜਤਾਂ ਦੇ ਮਨੋਬਲ ਨੂੰ ਕੁਚਲਣ ਵਾਲੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਮਾਨ ਸਰਕਾਰ ਹੜ੍ਹ ਰੋਕਥਾਮ ਲਈ ਅਗਾਊਂ ਪ੍ਰਬੰਧ ਨਾ ਕਰਨ ਦੀ ਆਪਣੀ ਨਾਕਾਮੀ ਨੂੰ ਸਵੀਕਾਰ ਕਰਦਿਆਂ ਲੋਕਾਂ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ ਅਤੇ ਮੁੱਖ ਮੰਤਰੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਪ੍ਰੋ. ਖਿਆਲਾ ਨੇ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਪੰਜ ਕਰੋੜ ਰੁਪਏ ਦੀ ਸਹਾਇਤਾ ਨੂੰ ਲੋਕਾਂ ਦੇ ਦੁੱਖ-ਦਰਦ ਨਾਲ ਖਿਲਵਾੜ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਰਿਆਣਾ, ਜੋ ਪੰਜਾਬ ਦੇ ਪਾਣੀਆਂ ਦੀ ਸਾਲਾਂ ਤੋਂ ਗੈਰ-ਕਾਨੂੰਨੀ ਵਰਤੋਂ ਕਰਦਾ ਆ ਰਿਹਾ ਹੈ ਅਤੇ ਜਿਸ ਉੱਤੇ ਪਾਣੀ ਦੀ ਰਾਇਲਟੀ ਹੀ 5 ਲੱਖਾਂ ਕਰੋੜ ਤੋਂ ਵੱਧ ਬਣਦੀ ਹੈ, ਉਸ ਵੱਲੋਂ ਸਿਰਫ਼ ਪੰਜ ਕਰੋੜ ਦੇਣਾ ਮਜ਼ਾਕ ਤੋਂ ਘੱਟ ਨਹੀਂ। ਅੰਤ ਵਿੱਚ, ਪ੍ਰੋ. ਖਿਆਲਾ ਨੇ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਤੁਰੰਤ ਪੰਜਾਬ ਦੇ ਹੜ੍ਹ-ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰੇ ਅਤੇ ਪੀੜਤਾਂ ਦੀਆਂ ਬਾਂਹਾਂ ਫੜੇ ਅਤੇ ਹਰੇਕ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਏ। ਉਨ੍ਹਾਂ ਕਿਹਾ ਕਿ "ਪੰਜਾਬ ਇਸ ਵੇਲੇ ਇਕ ਵੱਡੀ ਕੁਦਰਤੀ



ਆਫ਼ਤ ਨਾਲ ਜੂਝ ਰਿਹਾ ਹੈ। ਜੇ ਕੇਂਦਰ ਨੇ ਇਸ ਸੰਕਟ ਦੀ ਘੜੀ 'ਚ ਤੁਰੰਤਸਾਥ ਨਾ ਦਿੱਤਾ ਤਾਂ ਬਾਅਦ ਵਿਚ ਉਠਾਇਆ ਗਿਆ ਕੋਈ ਵੀ ਕਦਮ 'ਈਦ ਤੋਂ ਬਾਅਦ ਤੂੰਬਾ ਫੂਕਣ' ਦੇ ਬਰਾਬਰ ਹੋਵੇਗਾ। ਪੰਜਾਬੀ ਜਨਤਾ ਨੂੰ ਨਾ ਸਿਰਫ਼ ਤੁਰੰਤ ਮਦਦ ਦੀ ਲੋੜ ਹੈ, ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੇਂਦਰ ਉਹਨਾਂ ਦੇ ਦੁੱਖ-ਸੁੱਖ ਵਿੱਚ ਸਦਾ ਨਾਲ ਖੜ੍ਹਾ ਹੈ।"

# ਸੂਬੇ ਭਰ ਵਿੱਚ ਮੋਹਲੇਧਾਰ ਮੀਂਹ ਦੇ ਮੱਦੇਨਜ਼ਰ ਸਰਕਾਰ ਵੱਲੋਂ ਬਚਾਓ ਕਾਰਜਾਂ ਵਿੱਚ ਤੇਜ਼ੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਪੰਜਾਬ ਸਮੇਤ ਪਹਾੜੀ ਇਲਾਕਿਆਂ ਵਿੱਚ ਬੀਤੇ ਦਿਨਾਂ ਤੋਂ ਪੈ ਰਹੀ ਭਾਰੀ ਮੋਹਲੇਧਾਰ ਬਾਰਿਸ਼ ਕਾਰਨ ਸੂਬੇ ਵਿੱਚ ਬਣੇ ਹੜ੍ਹਾਂ ਦੇ ਹਾਲਾਤਾਂ ਦੇ ਮੱਦੇਨਜਰ ਸੂਬਾ ਸਰਕਾਰ ਵੱਲੋਂ ਬਚਾਓ ਕਾਰਜਾਂ ਵਿੱਚ ਹੋਰ ਤੇਜੀ ਲਿਆਂਦੀ ਗਈ ਹੈ। ਮੌਜੂਦਾ ਸਥਿਤੀ ਨੂੰ ਦੇਖਦਿਆਂ ਪ੍ਰਸ਼ਾਸਨ ਵੱਲੋਂ ਦਰਿਆਵਾਂ ਦੇ ਕਿਨਾਰਿਆਂ ਅਤੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਸੰਭਾਵੀਂ ਹੜ੍ਹਾਂ ਵਾਲੇ ਇਲਾਕਿਆਂ ਵਿੱਚੋਂ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ ਉਤੇ ਲਿਜਾਣ ਲਈ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਰੂਪਨਗਰ ਜਿਲ੍ਹੇ ਦੇ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚੋਂ ਗੁਜਰਦੀਆਂ ਨਹਿਰਾਂ, ਨਾਲਿਆਂ ਅਤੇ ਦਰਿਆਵਾਂ ਦੇ ਕੰਢਿਆਂ ਦੀ ਲਗਾਤਾਰ ਨਿਗਰਾਨੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਜਿਲ੍ਹਾਂ ਪ੍ਰਸ਼ਾਸ਼ਨ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਤਲੁਜ ਦਰਿਆ ਦੇ ਨਾਲ ਲਗਦੇ ਇਲਾਕਿਆਂ ਵਿੱਚੋਂ ਸਮਾਂ ਰਹਿੰਦਿਆਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਲਿਜਾਉਣ ਲਈ ਮੁਨਿਆਦੀ ਵੀ ਕਰਵਾਈ ਗਈ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵੀ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਸਰਕਾਰ ਵੱਲੋਂ ਬਣਾਏ ਗਏ ਰਾਹਤ ਕੈਂਪਾਂ ਵਿੱਚ ਟਿਕਾਣਾ ਕਰਨ। ਇਸ ਦੌਰਾਨ ਨੰਗਲ ਇਲਾਕੇ ਦੇ ਪਿੰਡ ਹਰਸਾ ਬੇਲਾ, ਬੇਲਾ ਰਾਮਗੜ੍ਹ, ਬੇਲਾ ਧਿਆਨੀ ਅੱਪਰ, ਬੇਲਾ ਧਿਆਨੀ ਲੋਅਰ, ਸੈਂਸੋਵਾਲ, ਐਲਗਰਾ, ਬੇਲਾ ਸ਼ਿਵ ਸਿੰਘ, ਭਲਾਣ, ਭਨਾਮ, ਸਿੰਘਪੁਰਾ, ਪਲਾਸੀ, ਤਰਫ਼ ਮਜਾਰਾ, ਮਜਾਰੀ ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਬੁਰਜ, ਚੰਦਪੁਰ ਬੇਲਾ, ਗਜਪੁਰ ਬੇਲਾ, ਸ਼ਾਹਪੁਰ ਬੇਲਾ, ਨਿੱਕੂਵਾਲ, ਅਮਰਪੁਰ ਬੇਲਾ, ਲੋਧੀਪੁਰ, ਨੂੰ ਸੁਰੱਖਿਅਤ ਸਥਾਨਾਂ ਤੇ ਜਾਣ ਦੀ ਅਪੀਲ ਕੀਤੀ ਗਈ ਹੈ ਜਦਕਿ ਰੂਪਨਗਰ ਅਤੇ ਸ੍ਰੀ ਚਮਕੌਰ ਸਾਹਿਬ ਦੇ ਸਾਰੇ ਉਹ ਪਿੰਡ ਜੋ ਸਤਲੁਜ ਦਰਿਆ ਦੇ ਕਿਨਾਰੇ ਸਥਿਤ ਹਨ ਨੂੰ ਚੌਕਸ ਰਹਿਣ ਲਈ ਕਹਿਆ ਗਿਆ ਹੈ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਭਾਰੀ ਮੀਂਹ ਦੇ ਚੱਲਦਿਆਂ ਆਪਣੇ ਵਿਧਾਨ ਸਭਾ ਹਲਕੇ ਸ਼ਾਮਚੁਰਾਸੀ ਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਤੇ ਜ਼ਰੂਰਤਾਂ ਦਾ ਹੱਲ ਕਰਨ ਲਈ ਘਰ-ਘਰ ਪਹੁੰਚੇ॥ ਉਨ੍ਹਾਂ ਨੇ ਪਿੰਡ ਸ਼ਿਵਾਲਿਕ ਨਗਰ ਢੋਲਵਾਹਾ, ਖਲਵਾਣਾ, ਦਿਓਵਾਲ ਅਤੇ ਬਾਦੋਵਾਲ ਪਿੰਡ ਦੇ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਨਤਕ ਸਹੂਲਤ ਅਤੇ ਸੁਰੱਖਿਆ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੀਂਹ



ਜਾਂ ਕੁਦਰਤੀ ਹਾਲਾਤ ਕਾਰਨ ਕਿਸੇ ਵੀ ਨਾਗਰਿਕ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਅਤੇ ਹਰਭਜਨ ਸਿੰਘ ਈਟੀਓ ਨੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਦੇ ਨਾਲ ਅੱਜ ਜਿਲ੍ਹਾ ਤਰਨ ਤਾਰਨ ਦੇ ਹੜ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ, ਇਸ ਦੌਰਾਨ ਉਨ੍ਹਾਂ ਪਿੰਡ ਮਰੜ ਅਤੇ ਕਿੜੀਆਂ ਵਿਖੇ ਦਰਿਆ ਦੀ ਢਾਹ ਲੱਗਣ ਕਾਰਨ ਜਮੀਨ ਤੇ ਫਸਲਾਂ ਦੇ ਹੋਏ ਨੁਕਸਾਨ ਦਾ ਵੀ ਜਾਇਜ਼ਾ ਲਿਆ ਅਤੇ ਪ੍ਰਭਾਵਿਤ ਲੋਕਾਂ ਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣੀਆਂ। ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਅੱਜ ਜਲੰਧਰ ਜ਼ਿਲ੍ਹੇ ਦੇ ਕੁੱਕੜ ਪਿੰਡ ਵਿੱਚ ਚਿੱਟੀ ਵੇਈਂ ਵਿੱਚ ਪਾਣੀ ਦੇ ਵਧੇ ਵਹਾਅ ਨੂੰ ਦੇਖਦਿਆਂ ਰਾਹਤ ਸਮੱਗਰੀ ਵੰਡਣ ਤੋਂ ਇਲਾਵਾ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਪ੍ਰਸ਼ਾਸਨ ਨੂੰ ਨਿਰੰਤਰ ਚੌਕਸ ਰਹਿਣ ਲਈ ਆਖਿਆ। ਜਲੰਧਰ ਜਿਲ੍ਹੇ ਵਿੱਚ ਹੀ ਪਿੰਡ ਸੰਗੋਵਾਲ ਵਿੱਚ ਸਤਲੁਜ ਦਰਿਆ ਦੇ ਕੰਢਿਆਂ ਨੂੰ ਮਜਬੂਤ ਕਰਨ ਲਈ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂ ਅਗਰਵਾਲ ਵੱਲੋਂ ਫੌਜ ਦੀ ਮਦਦ ਲਈ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਬਚਾਓ ਕਾਰਜਾਂ ਦਾ ਜਾਇਜਾ ਵੀ ਲਿਆ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨਿਰੰਤਰ ਅਜਨਾਲਾ ਵਿਖੇ ਪੀੜਤ ਪਰਿਵਾਰਾਂ ਵਿੱਚ ਜਾ ਕੇ ਉਨ੍ਹਾਂ ਨੂੰ ਰਾਹਤ ਸਮੱਗਰੀ ਵੰਡੀ। ਇਸ ਦੌਰਾਨ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ 4 ਟਰੱਕ ਰਾਹਤ ਸਮੱਗਰੀ ਦੇ ਲੈ ਕੇ ਸੁਲਤਾਨਪੁਰ ਲੋਧੀ ਪੁੱਜੇ ਜਿਸ ਵਿੱਚ ਪਸ਼ੂਆਂ ਲਈ ਫੀਡ ਤੇ ਹੋਰ ਰਾਹਤ ਸਮੱਗਰੀ ਸ਼ਾਮਲ ਹੈ। ਉਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਮੰਡ ਇੰਦਰਪੁਰ ਤੇ ਯੂਸਫਪੁਰ ਦਾਰੇਵਾਲ ਵਿਖੇ ਲੋਕਾਂ ਨੂੰ ਫੀਡ ਦੀ ਵੰਡ ਕੀਤੀ। ਸਹਿਬਜਾਦਾ ਅਜੀਤ ਸਿੰਘ ਨਗਰ ਦੇ ਨਯਾਗਾਓਂ ਵਿੱਚ ਪਟਿਆਲਾ ਕੀ ਰਾਓ ਦੇ ਨਾਲ ਖੁੱਡਾ ਲਾਹੌਰਾ-ਨਾਡਾ ਸੜਕ ਦੇ ਨੁਕਸਾਨ ਦੀ ਰਿਪੋਰਟ ਮਿਲਦੇ ਸਾਰ ਜ਼ਿਲ੍ਹਾ ਪ੍ਰਸ਼ਾਸਨ, ਡੀ ਸੀ ਕੋਮਲ ਮਿੱਤਲ ਦੀ ਅਗਵਾਈ ਵਿੱਚ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ, ਨੁਕਸਾਨੇ ਗਏ ਹਿੱਸੇ 'ਤੇ ਮੁਰੰਮਤ ਅਤੇ ਪਾੜ ਪੂਰਨ ਦੇ ਕੰਮ ਦੀ ਨਿਗਰਾਨੀ ਕੀਤੀ। ਜਿਲ੍ਹਾਂ ਪ੍ਰਸ਼ਾਸ਼ਨ ਵੱਲੋਂ ਘੱਗਰ ਅਤੇ ਸੁਖਨਾ ਚੋਅ ਦੇ ਕਿਨਾਰਿਆ ਦੇ ਵਸੇ ਪਿੰਡਾਂ ਦੇ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਧੈਂਗੜਪੁਰ ਵਿਖੇ ਸਤਲੁਜ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ 65,000 ਕਿਊਸਿਕ ਹੈ ਅਤੇ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ। ਉਨ੍ਹਾਂ ਦੱਸਿਆ ਕਿ ਦੇਰ ਰਾਤ ਧੈਂਗੜਪੁਰ ਵਿਖੇ ਬੰਨ੍ਹ ਨੂੰ ਥੋੜੀ ਢਾਅ ਲੱਗੀ ਸੀ ਜਿਸਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਮੇਂ ਸਿਰ ਰੋਕ ਲਿਆ ਗਿਆ ਅਤੇ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਲਗਾਤਾਰ ਜਾਰੀ ਹੈ। ਬਰਨਾਲਾ ਜਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਟੀ. ਬੈਨਿਥ ਨੇ ਜਿਲ੍ਹਾਂ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਸਰੁਖਿਅਤ ਇਮਾਰਤਾਂ ਵਿੱਚੋਂ ਨਿਕਲ ਕੇ ਸਰਕਾਰ ਵੱਲੋਂ ਸਥਾਪਿਤ ਕੀਤੇ ਰਾਹਤ ਕੈਂਪਾਂ ਵਿੱਚ ਸ਼ਿਫਟ ਹੋ ਜਾਣ।

ਪਟਿਆਲੇ ਜਿਲ੍ਹੇ ਵਿੱਚੇ ਘੱਗਰ ਦੀ ਸਥਿਤੀ ਗੰਭੀਰ ਹੋਣ ਦੀ ਸਥਿਤੀ ਵਿੱਚ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਨੇ ਫੌਜ ਨੂੰ ਅਲਰਟ ਤੇ ਰਹਿਣ ਦੀ ਹਦਾਇਤ ਕੀਤੀ ਹੈ। ਇਸ ਤੋਂ ਇਲਾਵਾ ਕੁਝ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਦੀ ਵੀ ਅਪੀਲ ਕੀਤੀ ਹੈ। ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਅਤੇ ਹਰਭਜਨ ਸਿੰਘ ਈਟੀਓ ਨੇ ਅੱਜ ਜਿਲ੍ਹਾ ਤਰਨ ਤਾਰਨ ਦੇ ਹੜ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ, ਇਸ ਦੌਰਾਨ ਉਹਨਾਂ ਪਿੰਡ ਮਰੜ ਅਤੇ ਕਿੜੀਆਂ ਵਿਖੇ ਦਰਿਆ ਦੀ ਢਾਹ ਲੱਗਣ ਕਾਰਨ ਜਮੀਨ ਤੇ ਫਸਲਾਂ ਦੇ ਹੋਏ ਨੁਕਸਾਨ ਦਾ ਵੀ ਜਾਇਜ਼ਾ ਲਿਆ ਅਤੇ ਪ੍ਰਭਾਵਿਤ ਲੋਕਾਂ ਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਵੀ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਹੁਸੈਨੀ ਵਾਲਾ ਹੈਡਵਰਕਸ ਤੋਂ ਸਤਲੁਜ ਨਦੀ ਵਿੱਚ 3 ਲੱਖ 11 ਹਜਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਇਸ ਲਈ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਦੇ ਸਤਲੁਜ ਕ੍ਰੀਕ ਪਾਰ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਹਰ ਸਮੇਂ ਤੁਹਾਡੀ ਮਦਦ ਲਈ ਤਿਆਰ ਹਨ।

ਆਗੈ ਸਮਝ ਚੱਲੋ ਨੰਦ ਲਾਲਾ, ਪਾਛੈ ਜੋ ਬੀਤੀ ਸੋ ਬੀਤੀ॥


WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


NOW OPEN
Tandoori FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
"ਅਸੀਂ ਆਪਣੇ ਖਾਣੇ 'ਚ ਫ਼ੂਡ-ਕਲਰ ਨਹੀਂ ਵਰਤਦੇ।"
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com

E-MAIL:SALES@ezeldsolutions.com



EZ ELD SOLUTIONS
LOGBOOKS MADE EASY

TRACK YOUR TRUCK WITH
EZ TRUCK SOLUTION

ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ

FMCSA Complaint & Affordable
The Power of telematics in the palm of your hand
Compliance | Asset Tracking | Management

$100 HARDWARE
ONE-TIME FEE



$20 MONTHLY
SUBSCRIPTION



24/7 TECHNICAL SUPPORT IN
ENGLISH,SPANISH AND PUNJABI.

CALL NOW +1 (800) 556-7105

Official Address : 2301 W Belmont ave, Fresno, CA 93727

# ‘ਯੁੱਧ ਨਸ਼ਿਆਂ ਵਿਰੁੱਧ’: 186ਵੇਂ ਦਿਨ,ਪੰਜਾਬ ਪੁਲਿਸ ਨੇ 376 ਥਾਵਾਂ 'ਤੇ ਕੀਤੀ ਛਾਪੇਮਾਰੀ; 83 ਨਸ਼ਾ ਤਸਕਰ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ “ਯੁੱਧ ਨਸ਼ਿਆਂ ਵਿਰੁੱਧ” ਦੇ 186ਵੇਂ ਦਿਨ ਪੰਜਾਬ ਪੁਲਿਸ ਨੇ ਬੁੱਧਵਾਰ ਨੂੰ 376 ਥਾਵਾਂ ‘ਤੇ ਛਾਪੇਮਾਰੀ ਕੀਤੀ , ਜਿਸ ਨਾਲ ਸੂਬੇ ਭਰ ਵਿੱਚ 56 ਐਫਆਈਆਰਜ਼ ਦਰਜ ਕੀਤੀਆਂ ਗਈਆਂ ਅਤੇ 83 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੇ ਨਾਲ 186 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 28,142 ਹੋ ਗਈ ਹੈ।
ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜੇ ਵਿੱਚੋਂ 631 ਗ੍ਰਾਮ ਹੈਰੋਇਨ, 6082 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 1000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਹ ਕਾਰਵਾਈ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ‘ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲਿਆਂ ਵਿੱਚ ਇੱਕੋ ਸਮੇਂ ਅਮਲ ਵਿਚ ਲਿਆਂਦੀ ਗਈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ




ਅਤੇ ਸੀਨੀਅਰ ਪੁਲਿਸ ਸੁਪਰਡੈਂਟ ਆਫ ਪੁਲਿਸ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ।
ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।
ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 76 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜਮਾਂ ਵਾਲੀਆਂ 150 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਛਾਪੇਮਾਰੀ ਕੀਤੀ । ਉਨਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸਨ ਦੌਰਾਨ ਪੁਲਿਸ ਟੀਮਾਂ ਨੇ 423 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ। ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ ਇਨਫੋਰਸਮੈਂਟ, ਡੀ-ਅਡਿਕਸਨ ਐਂਡ ਪ੍ਰੀਵੈਨਸਨ (ਈਡੀਪੀ) ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ ‘ਨਸ਼ਾ ਛੁਡਾਊ’ ਦੇ ਹਿੱਸੇ ਵਜੋਂ ਅੱਜ 53 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

# ਅਮਰੀਕੀ ਵਿਦੇਸ਼ ਵਿਭਾਗ ਵੱਲੋਂ 'ਬਰਥ ਟੂਰਿਜ਼ਮ' 'ਤੇ ਸਖ਼ਤ ਚੇਤਾਵਨੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਵਿਦੇਸ਼ ਵਿਭਾਗ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਅਮਰੀਕੀ ਵੀਜ਼ਾ ”ਬਰਥ ਟੂਰਿਜ਼ਮ” ਲਈ ਨਹੀਂ ਵਰਤਿਆ ਜਾ ਸਕਦਾ, ਭਾਵ ਸਿਰਫ਼ ਬੱਚੇ ਨੂੰ ਜਨਮ ਦੇਣ ਦੇ ਉਦੇਸ਼ ਨਾਲ ਅਮਰੀਕਾ ਆਉਣਾ ਲਈ ਨਹੀਂ ਵਰਤਿਆ ਜਾ ਸਕਦਾ। ਵਿਦੇਸ਼ ਵਿਭਾਗ ਦੇ ਕੌਂਸਲਰ ਮਾਮਲਿਆਂ ਦੇ ਬਿਊਰੋ ਨੇ ਕਿਹਾ, ”ਜੇਕਰ ਕੋਈ ਸਿਰਫ਼ ਇਸ ਲਈ ਅਮਰੀਕਾ ਆਉਣਾ ਚਾਹੁੰਦਾ ਹੈ, ਤਾਂ ਜੋ ਉਸਦਾ ਬੱਚਾ ਅਮਰੀਕੀ ਨਾਗਰਿਕਤਾ ਪ੍ਰਾਪਤ ਕਰ ਸਕੇ, ਤਾਂ ਇਹ ਵੀਜ਼ਾ ਨਿਯਮਾਂ ਦੇ ਵਿਰੁੱਧ ਹੈ।” ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਅਧਿਕਾਰੀ ਨੂੰ ਲੱਗਦਾ ਹੈ ਕਿ ਇਹ ਦੌਰੇ ਦਾ ਮੁੱਖ ਉਦੇਸ਼ ਹੈ, ਤਾਂ ਉਹ ਵੀਜ਼ਾ ਅਰਜ਼ੀ ਨੂੰ ਰੱਦ ਕਰ ਦੇਵੇਗਾ। ਇਹ ਚੇਤਾਵਨੀ ਅਜਿਹੇ ਸਮੇਂ ਆਈ ਹੈ, ਜਦੋਂ ਅਮਰੀਕੀ ਸੰਸਦ ਵਿਚ ”ਬਰਥ ਟੂਰਿਜ਼ਮ” ਨੂੰ ਰੋਕਣ ਲਈ ਇੱਕ ਨਵੇਂ ਕਾਨੂੰਨ ‘ਤੇ ਕੰਮ ਤੇਜ਼ ਹੋ ਗਿਆ ਹੈ। ਮਈ 2025 ਵਿਚ, ਸੈਨੇਟਰ ਮਾਰਸ਼ਾ ਬਲੈਕਬਰਨ ਨੇ ‘ਜਨਮ ਸੈਰ-ਸਪਾਟਾ ‘ਤੇ ਪਾਬੰਦੀ ਐਕਟ’ ਪੇਸ਼ ਕੀਤਾ। ਇਸ ਪ੍ਰਸਤਾਵ ਦੇ ਤਹਿਤ, ਜੇਕਰ ਕੋਈ ਔਰਤ ਸਿਰਫ਼ ਬੱਚੇ ਨੂੰ ਜਨਮ ਦੇਣ ਲਈ ਅਮਰੀਕਾ ਆਉਣਾ ਚਾਹੁੰਦੀ ਹੈ, ਤਾਂ ਜੋ ਉਹ ਨਾਗਰਿਕਤਾ ਪ੍ਰਾਪਤ ਕਰ ਸਕੇ, ਤਾਂ ਉਸਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਹਾਲਾਂਕਿ, ਜੇਕਰ ਕੋਈ ਔਰਤ ਕਿਸੇ ਦਸਤਾਵੇਜ਼ੀ ਡਾਕਟਰੀ ਕਾਰਨ ਕਰਕੇ ਆ ਰਹੀ ਹੈ, ਤਾਂ ਇਹ ਛੋਟ ਦਿੱਤੀ ਜਾਵੇਗੀ। ਰਾਸ਼ਟਰਪਤੀ



ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਅਮਰੀਕੀ ਨਾਗਰਿਕਤਾ ਦੇ ਅਰਥ ਅਤੇ ਮੁੱਲ ਦੀ ਰੱਖਿਆ ਸਿਰਲੇਖ ਵਾਲੇ ਕਾਰਜਕਾਰੀ ਆਦੇਸ਼ 14160 ‘ਤੇ ਦਸਤਖਤ ਕੀਤੇ। ਇਸਦਾ ਟੀਚਾ ਅਮਰੀਕਾ ਵਿਚ ਅਸਥਾਈ ਤੌਰ ‘ਤੇ ਜਾਂ ਗੈਰ-ਕਾਨੂੰਨੀ ਤੌਰ ‘ਤੇ ਰਹਿ ਰਹੇ ਲੋਕਾਂ ਦੇ ਘਰ ਪੈਦਾ ਹੋਏ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣਾ ਬੰਦ ਕਰਨਾ ਸੀ, ਜਿਨ੍ਹਾਂ ਵਿਚ ਸੈਲਾਨੀ ਵੀਜ਼ਾ ਵਾਲੀਆਂ ਔਰਤਾਂ ਵੀ ਸ਼ਾਮਲ ਸਨ। ਹਾਲਾਂਕਿ ਕਈ ਸੰਘੀ ਅਦਾਲਤਾਂ ਨੇ ਇਸ ਹੁਕਮ ‘ਤੇ ਰੋਕ ਲਗਾ ਦਿੱਤੀ ਸੀ, ਪਰ ਸੁਪਰੀਮ ਕੋਰਟ ਨੇ ਇਸ ਦੇ ਕੁਝ ਹਿੱਸਿਆਂ ਨੂੰ ਚੋਣਵੇਂ ਰਾਜਾਂ ਵਿਚ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ‘ਤੇ ਕਾਨੂੰਨੀ ਲੜਾਈ ਅਜੇ ਵੀ ਜਾਰੀ ਹੈ। ਅਮਰੀਕਾ ਵਿਚ ”ਬਰਥ ਟੂਰਿਜ਼ਮ” ‘ਤੇ ਪਾਬੰਦੀ ਲਗਾਉਣ ਦੀ ਨੀਤੀ ਪਹਿਲੀ ਵਾਰ ਜਨਵਰੀ 2020 ਵਿਚ ਬਣਾਈ ਗਈ ਸੀ। ਉਸ ਸਮੇਂ, ਵੀਜ਼ਾ ਨਿਯਮਾਂ ਵਿਚ ਬਦਲਾਅ ਕੀਤਾ ਗਿਆ ਸੀ, ਤਾਂ ਜੋ ਕਿਸੇ ਨੂੰ ਵੀ ਸਿਰਫ਼ ਬੱਚੇ ਨੂੰ ਜਨਮ ਦੇਣ ਦੇ ਉਦੇਸ਼ ਨਾਲ ਵੀਜ਼ਾ ਨਾ ਦਿੱਤਾ ਜਾਵੇ। ਉਦੋਂ ਤੋਂ, ਸਰਕਾਰ ਨੇ ਵੀਜ਼ਾ ਇੰਟਰਵਿਊ ਸਖ਼ਤ ਕਰ ਦਿੱਤੇ ਹਨ, ਐਂਟਰੀ ਪੁਆਇੰਟਾਂ ‘ਤੇ ਜਾਂਚ ਵਧਾ ਦਿੱਤੀ ਹੈ, ਅਤੇ ਕਈ ਵਾਰ ਸੰਯੁਕਤ ਰਾਜ ਅਮਰੀਕਾ ਪਹੁੰਚਣ ਤੋਂ ਬਾਅਦ ਨਿਗਰਾਨੀ ਵੀ ਵਧਾ ਦਿੱਤੀ ਹੈ। ਇਸ ਸਾਲ, ਕੈਲੀਫੋਰਨੀਆ ਵਿਚ ਇੱਕ ਔਰਤ ਨੂੰ 100 ਤੋਂ ਵੱਧ ਚੀਨੀ ਔਰਤਾਂ ਨੂੰ ਅਮਰੀਕਾ ਆਉਣ ਅਤੇ ਇੱਥੇ ਬੱਚਿਆਂ ਨੂੰ ਜਨਮ ਦੇਣ ਲਈ ਧੋਖਾਧੜੀ ਵਾਲੇ ਵੀਜ਼ੇ ਪ੍ਰਾਪਤ ਕਰਨ ਵਿਚ ਮਦਦ ਕਰਨ ਦੇ ਦੋਸ਼ ਵਿਚ 41 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਵਕੀਲਾਂ ਨੇ ਕਿਹਾ ਕਿ ਇਹ ਕਰੋੜਾਂ ਡਾਲਰ ਦਾ ਗੈਰ-ਕਾਨੂੰਨੀ ਕਾਰੋਬਾਰ ਸੀ, ਜਿਸ ਵਿਚ ”ਮੈਟਰਨਟੀ ਹੋਟਲ” ਲੱਖਾਂ ਰੁਪਏ ਦੇ ਪੈਕੇਜਾਂ ਲਈ ਔਰਤਾਂ ਨੂੰ ਅਜਿਹੀਆਂ ਸਹੂਲਤਾਂ ਪ੍ਰਦਾਨ ਕਰਦੇ ਹਨ।

# ਵਿਪਸਾਅ ਵੱਲੋਂ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਪੰਨੂ ਦੇ ਕਹਾਣੀ ਸੰਗ੍ਰਿਹ ‘ਸਤਨਾਜਾ’ 'ਤੇ ਉਸਾਰੂ ਵਿਚਾਰ ਚਰਚਾ ਹੋਈ ਅਤੇ ਕਿਤਾਬ ਲੋਕ ਅਰਪਣ

ਹੇਵਰਡ
ਸਾਂਝੀ ਸੋਚ ਬਿਊਰੋ

ਬੀਤੇ ਦਿਨੀਂ ਵਿਪਸਾ ਵੱਲੋਂ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਪੰਨੂ ਦੇ ਨੌਵੇਂ ਕਹਾਣੀ ਸੰਗ੍ਰਹਿ ‘ਸਤਨਾਜਾ’ ‘ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਮਿਲਣੀ ਦੇ ਸ਼ੁਰੂ ਵਿਚ ਪ੍ਰਧਾਨ ਕੁਲਵਿੰਦਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਜ-ਭਾਰ ਸੰਭਾਲਦੇ ਹੋਏ ਮਰਹੂਮ ਗ਼ਜ਼ਲਕਾਰ ਸ਼੍ਰੀ ਰਾਮ ਅਰਸ਼, ਪੰਜਾਬੀ ਫ਼ਿਲਮ ਇੰਡਸਟਰੀ ਦੇ ਕਾਮੇਡੀਅਨ ਜਸਵਿੰਦਰ ਭੱਲਾ, ਗੀਤਕਾਰ ਜੰਡੂ ਲਿੱਤਰਾਂ ਵਾਲਾ ਅਤੇ ਚੇਤਨਾ ਪ੍ਰਕਾਸ਼ਨ ਦੇ ਮਾਲਕ ਗ਼ਜ਼ਲਕਾਰ ਸਤੀਸ਼ ਗੁਲਾਟੀ ਜੀ ਦੇ ਜਵਾਈ ਅੰਮ੍ਰਿਤਪਾਲ ਸਿੰਘ ਖਹਿਰਾ ਦੀਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੋਨ ਧਾਰਨ ਕਰਵਾਇਆ। ਵਿਪਸਾ ਮੈਂਬਰਾਂ ਨੇ ਇਨ੍ਹਾਂ ਘਟਨਾਵਾਂ ‘ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਗਾਇਕ ਸੁਖਦੇਵ ਸਾਹਿਲ ਨੇ ਚਰਨਜੀਤ ਸਿੰਘ ਪੰਨੂ ਦੇ ਕਲਾਮ ‘ਤੈਨੂੰ ਨਾ ਕੋਈ ਪਚਦੀ ਗੱਲ, ਮੈਨੂੰ ਨਾ ਇਹ ਜਚਦੀ ਗੱਲ’ ਨਾਲ ਮਹਿਫ਼ਲ ਦਾ ਆਗ਼ਾਜ਼ ਕੀਤਾ।
ਪ੍ਰਧਾਨਗੀ ਮੰਡਲ ਵਿਚ ਲੇਖਕ ਚਰਨਜੀਤ ਸਿੰਘ ਪੰਨੂ ਸਮੇਤ ਸੁਖਵਿੰਦਰ ਕੰਬੋਜ, ਸੁਰਜੀਤ ਸਖੀ, ਅਮਰਜੀਤ ਕੌਰ ਪੰਨੂੰ, ਬੀਬੀ ਸੁਰਜੀਤ ਕੌਰ ਅਤੇ ਜਗਤਾਰ ਗਿੱਲ ਸੁਸ਼ੋਭਿਤ ਹੋਏ। ਲੇਖਕ ਨੇ ਆਪਣੇ ਸਾਹਿਤਕ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿੱਸਾ ਕਾਵਿ ਹਾਸ਼ਮ ਦੀ ਸੱਸੀ, ਹੀਰ ਰਾਂਝਾ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਉਸ ਦੀ ਸਿਰਜਣ ਪ੍ਰਕਿਰਿਆ ਦੇ ਪ੍ਰੇਰਨਾ ਸਰੋਤ ਬਣੇ। ‘ਸਤਨਾਜਾ’ ਕਿਤਾਬ ਦੀਆਂ ਕਹਾਣੀਆਂ ਉਸ ਦੇ ਅਨੁਭਵ ਵਿਚੋਂ ਨਿਕਲੀਆਂ ਹਨ। ਉਸ ਨੇ ਪਹਿਲੀ ਕਹਾਣੀ ‘ਪ੍ਰਾਹੁਣਚਾਰੀ’ ਘਰ ਵਿਚ ਆਪਣੀ ਮਾਂ ਵੱਲੋਂ ਕੀਤੀ ਜਾਂਦੀ ਪ੍ਰਾਹੁਣਚਾਰੀ ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਇੰਡੀਆ ਸੇਵਾ-ਕਾਲ ਦੌਰਾਨ ਵੱਖ-ਵੱਖ ਤਜ਼ਰਬੇ ਉਸ ਕੋਲੋਂ ਬਹੁਤ ਕੁਝ ਲਿਖਵਾ ਗਏ। ਉਸ ਨੇ ਹੁਣ ਤੱਕ ਵੱਖ-ਵੱਖ ਵਿਧਾ ਵਿਚ ਚਾਲ਼ੀ ਦੇ ਕਰੀਬ ਕਿਤਾਬਾਂ ਲਿਖੀਆਂ। ਉਸ ਦਾ ਸਫ਼ਰਨਾਮਾ ‘ਮੇਰੀ ਵਾਈਟ ਹਾਊਸ ਫੇਰੀ’ ਕਾਫ਼ੀ ਚਰਚਿਤ ਹੈ ਅਤੇ ਜਿਸ ਦੇ ਤਿੰਨ-ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਈ ਹੋਰ ਕਿਤਾਬਾਂ ਤਿਆਰੀ ਅਧੀਨ ਹਨ। ਇਸ ਉਪਰੰਤ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਆਪਣਾ ਲਿਖਿਆ ਪਰਚਾ ‘ਸਮਾਜਿਕ ਯਥਾਰਥ ਤੇ ਵਿਗਠਤ ਭਾਵਾਂ ਦੀ ਪੇਸ਼ਕਾਰੀ ਦਾ ਸੁਮੇਲ ਸਤਨਾਜਾ’ ਪੇਸ਼ ਕੀਤਾ। ਉਸ ਨੇ ਕਿਹਾ ਕਿ ਸੰਗ੍ਰਹਿ ਦੀਆਂ ਕਹਾਣੀਆਂ ਵਿਸ਼ੇ ਦੇ ਨਾਲ਼-ਨਾਲ਼ ਕਲਾ ਅਤੇ ਸੰਵੇਦਨਾ ਦਾ ਸਹਿਜ ਸੁਮੇਲ ਹਨ। ਇਹ ਅਮਰੀਕੀ ਪੰਜਾਬੀ ਸਹਿਤ ਵਿਚ ਇੱਕ ਵੱਖਰੀ ਦਿੱਖ ਨਾਲ਼ ਪਰਵੇਸ਼ ਹੁੰਦੀਆਂ ਹਨ। ਇਹ ਸਾਡੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਵੀ ਕਰਦੀਆਂ ਹਨ ਅਤੇ ਅਜਿਹੇ ਵਿਗਠਤ ਭਾਵਾਂ ਦਾ ਚਿਤਰਨ ਵੀ ਕਰ ਜਾਂਦੀਆਂ ਹਨ, ਜੋ ਸਮਾਜਿਕ ਜੀਵਨ ਵਿਚ ਖੁੱਲ੍ਹੇ ਤੌਰ ‘ਤੇ ਪ੍ਰਵਾਨ ਨਹੀਂ...। ਡਾ. ਬਲਬੀਰ ਕੌਰ ਰੀਹਲ ਦਾ ਪਰਚਾ ਸੁਰਜੀਤ ਸਖੀ ਵੱਲੋਂ ਪੇਸ਼ ਕੀਤਾ ਗਿਆ। ਇਸ ਪਰਚੇ ਅਨੁਸਾਰ ਲੇਖਕ ਇੱਕ ਸਫ਼ਲ ਸਫ਼ਰਨਾਮਾ ਲੇਖਕ ਹੈ। ਇਸ ਸੰਗ੍ਰਿਹ ਵਿਚ ਕੁਝ ਵਿਸ਼ੇ ਬਿਲਕੁਲ ਵੱਖਰੇ ਅਤੇ ਸੱਜਰੇ ਹਨ। ਇਹ ਹੀ ਇਸ ਸੰਗ੍ਰਹਿ ਦੀ ਪ੍ਰਾਪਤੀ ਹੈ। ਡਾ. ਸੁਖਵਿੰਦਰ ਕੰਬੋਜ ਨੇ ਇਨ੍ਹਾਂ ਵਿਚਾਰਾਂ ਨੂੰ ਅੱਗੇ ਤੋਰਦੇ ਹੋਏ ਕਹਾਣੀ ਦੇ ਮਹੱਤਵ ਬਾਰੇ ਉਸਾਰੂ ਨੁਕਤੇ ਪੇਸ਼ ਕੀਤੇ ਅਤੇ ਲੇਖਕ ਨੂੰ ਇਸ ਕਿਤਾਬ ਲਈ ਵਧਾਈ ਦਿੱਤੀ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਚਰਨਜੀਤ ਸਿੰਘ ਪੰਨੂ ਇੱਕ ਪ੍ਰੌੜ੍ਹ ਗਲਪਕਾਰ ਹੈ। ਇਸ ਸੰਗ੍ਰਹਿ ਦੀ ਕਹਾਣੀ ਵਧੀਆ ਤਕਨੀਕ ਨਾਲ਼ ਨਿਭੀ ਹੈ। ਪ੍ਰੋ. ਸੀਰਤ ਨੇ ਕਹਾਣੀ ਦੀ ਤਕਨੀਕ ਬਾਰੇ ਜਾਣਕਾਰੀ ਦਿੰਦੇ ਹੋਏ ਵਿਚਾਰ ਚਰਚਾ ਨੂੰ ਹੋਰ ਰੌਚਿਕ ਬਣਾ ਦਿੱਤਾ। ਲਾਜ ਨੀਲਮ ਸੈਣੀ ਨੇ ਕਿਹਾ ਕਿ ਪੰਨੂ ਨੇ ਸੱਤ ਵਿਸ਼ਿਆਂ ਦਾ ਸਾਹਿਤਕ ‘ਸਤਨਾਜਾ’ ਬਣਾ ਕੇ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਹੈ। ‘ਵਸੀਅਤ’ ਕਹਾਣੀ ਵਿਚ ਬਾਬੇ ਨਾਨਕ ਦੇ ਫ਼ਲਸਫ਼ੇ ‘ਤੇ ਅਮਲ ਕਰਨ ਦਾ ਸੰਦੇਸ਼ ਹੋਣ ਕਰਕੇ ਇਹ ਹੱਟਵੀਂ ਵੀ ਹੈ ਅਤੇ ਜੀਵਨ ਮੁੱਲਾਂ ਨੂੰ ਨਿਰਧਾਰਤ ਕਰਨ ਵਿਚ ਕਾਮਯਾਬ ਵੀ ਹੋਈ ਹੈ। ਅਮਰਜੀਤ ਪੰਨੂੰ ਨੇ ‘ਆਖ਼ਰੀ ਚੀਕ’ ਬਾਰੇ ਕੁਝ ਸੁਆਲ ਪੁੱਛੇ ਅਤੇ ‘ਕੈਂਸਰ ਦੇ ਛਿੱਟੇ’ ਕਹਾਣੀ ਦੀ ਸਲਾਹੁਤਾ ਕੀਤੀ। ਦਲਵੀਰ ਦਿਲ ਨਿੱਜਰ ਨੇ ਕਿਹਾ ਕਿ ਉਹ ਸਾਰੀਆਂ ਕਹਾਣੀਆਂ ਪੜ੍ਹ ਕੇ ਆਇਆ ਹੈ। ਸੰਗ੍ਰਿਹ ਦੇ ਵਿਸ਼ੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ



ਪਾਠਕ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ। ਜਗਤਾਰ ਗਿੱਲ ਅਤੇ ਬੀਬੀ ਸੁਰਜੀਤ ਕੌਰ ਨੇ ਵੀ ਲੇਖਕ ਨੂੰ ਵਧਾਈ ਦਿੱਤੀ। ਕੁਲਵਿੰਦਰ ਨੇ ਪੰਨੂ ਨੂੰ ਇਸ ਵਿਲੱਖਣ ਕਿਤਾਬ ਲਈ ਦਿਲੀ ਮੁਬਾਰਕ ਦਿੰਦੇ ਹੋਏ ਕਿਹਾ ਕਿ ਹਰ ਲੇਖਕ ਨੂੰ ‘ਬੁੱਢਾ ਅਤੇ ਸਮੁੰਦਰ’ ਕਿਤਾਬ ਪੜ੍ਹਨੀ ਚਾਹੀਦੀ ਹੈ। ਦਿਲ ਦੇ ਲਹੂ ਨਾਲ਼ ਲਿਖਿਆ ਸਾਹਿਤ ਹੀ ਪਾਠਕ ਦੀ ਰੂਹ ਨੂੰ ਟੁੰਬਦਾ ਜਾਂ ਹਲੂਣਦਾ ਹੈ।
ਇਸ ਕਿਤਾਬ ਵਿਚ ਭਾਰੀ ਮਾਤਰਾ ਵਿਚ ਵਰਤੇ ਗਏ ਮੁਹਾਵਰੇ ਅਤੇ ਸ਼ੈਲੀ ਬਾਰੇ ਵੀ ਗੰਭੀਰ ਅਤੇ ਸਾਰਥਕ ਚਰਚਾ ਹੋਈ। ਹਾਜ਼ਰ ਸਰੋਤੇ ਇਸ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ। ਕਵੀ ਦਰਬਾਰ ਵਿਚ ਹਰਜੀਤ ਸਿੰਘ ਹਮਸਫ਼ਰ, ਦਿਲ ਨਿੱਜਰ, ਦਲਜੀਤ ਸਿੰਘ ਭੰਗੂ, ਪ੍ਰਿੰਸੀਪਲ ਹਜ਼ੂਰਾ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਸੁਰਜੀਤ ਸਖੀ ਨੇ ਹਿੱਸਾ ਲਿਆ। ਸੁਖਦੇਵ ਸਾਹਿਲ ਨੇ ਇੱਕ ਵਾਰੀ ਫਿਰ ਸੰਗੀਤ ਨਾਲ਼ ਸਰੋਤਿਆਂ ਨੂੰ ਕੀਲਿਆ ਅਤੇ ਸੂਫ਼ੀ ਅਤੇ ਲੋਕ ਸਾਹਿਤ ‘ਚੋਂ ਕੁਝ ਵੰਨਗੀਆਂ ਸੁਣਾਈਆਂ। ਕਿਤਾਬ ‘ਸਤਨਾਜਾ’ ਲੋਕ ਅਰਪਣ ਕੀਤੀ ਗਈ। ਚਰਨਜੀਤ ਸਿੰਘ ਪੰਨੂ ਦਾ ਵਿਪਸਾ ‘ਸ਼ਾਲ’ ਨਾਲ਼ ਸਨਮਾਨ ਕੀਤਾ ਗਿਆ। ਲੇਖਕ ਵੱਲੋਂ ਆਪਣੀਆਂ ਅਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਦੀ ਲਗਾਈ ਗਈ ਸੇਲ ਖਿੱਚ ਦਾ ਕੇਂਦਰ ਬਣੀ ਰਹੀ। ਇਸ ਦੀ ਆਮਦਨ ਵਿਪਸਾਅ ਦੇ ਖ਼ਾਤੇ ਵਿਚ ਪਾਈ ਗਈ। ਹੋਰਾਂ ਤੋਂ ਇਲਾਵਾ ਵਿਜੇ ਸਿੰਘ, ਸੋਨੂੰ, ਕਿਹਰ ਸਿੰਘ, ਜੋਤੀ, ਗੁਰਜੰਟ ਸੇਖੋਂ, ਪ੍ਰੋ. ਸੁਖਦੇਵ ਸਿੰਘ ਅਤੇ ਜਸਵੰਤ ਸਿੰਘ ਸਰਾਂ ਆਦਿ ਨੇ ਹਿੱਸਾ ਲਿਆ।


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828


FLEET SAFETY
Management
• Driver Qualification Files
• Employment Background Verification
• Clearing House Enrollment & Admin Accounts
• DMV Employer Pull Notice (EPN & MVR)
• FMCSA Monitoring
• Accident Claims Assistance
• Vehicle Maintenance Records
• Daily Logbook Audits
• SAP Program Assistance
• Roadside Inspection Updates
• Citation Acknowledgement
• CDL and Medical Card Follow-Up
ਟਰੱਕਿੰਗ ਕੰਪਨੀ, ਦੇ ਮਾਲਕ ਜਾਂ Driver ਹੋ ?
Compliance ਵਿੱਚ ਰਹਿਣ ਲਈ ਮਦਦ ਚਾਹੀਦੀ ਹੈ ?
ਤੁਹਾਡਾ Audit Fail ਹੋ ਗਿਆ ਹੈ ?
ਤੁਹਾਡਾ License ਕਿਸੇ ਵੀ ਨਸ਼ੇ ਕਰਕੇ Suspend ਹੋਇਆ ਹੈ ?
Drug Test ਵਿੱਚ Fail ਹੋ ਗਏ ਹੋ ?
17910 Murphy pkwy Lathrop, CA
(678) 984-2697


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਪਿੰਡ ਜਵਾਹਰਕੇ ਦੇ ਕਿਸਾਨ ਦੀ ਕੰਧ ਡਿੱਗਣ ਕਾਰਨ ਹੋਈ ਮੌਤ ਵਿਧਾਇਕ ਬਣਾਂਵਾਲੀ ਨੇ ਪਰਿਵਾਰ ਨੂੰ 4 ਲੱਖ ਰੁਪਏ ਦਾ ਚੈੱਕ ਸੌਂਪਿਆ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਹਲਕਾ ਸਰਦੂਲਗੜ੍ਹ ਦੇ ਪਿੰਡ ਚੈਨੇਵਾਲਾ ਵਿਖੇ ਲਗਾਤਾਰ ਮੀਂਹ ਪੈਣ ਕਰਕੇ ਗਰੀਬ ਘਰ ਦੀ ਛੱਤ ਡਿੱਗਣ ਕਾਰਨ ਬਲਜੀਤ ਸਿੰਘ ਅਤੇ ਉਸਦੇ ਭਤੀਜੇ ਰਨਜੋਤ ਸਿੰਘ ਦੀ ਮੌਤ ਹੋ ਗਈ ਸੀ। ਅੱਜ ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਪਰਿਵਾਰ ਨੂੰ ਪੰਜਾਬ ਸਰਕਾਰ ਦੀ ਤਰਫ਼ੋਂ 08 ਲੱਖ ਰੁਪਏ ਦਾ ਚੈੱਕ ਵਿੱਤੀ ਸਹਾਇਤਾ ਵੱਜੋਂ ਸੌਂਪਿਆ। ਇਸ ਦੇ ਨਾਲ ਹੀ ਪਿਛਲੇ ਦਿਨੀਂ ਪਿੰਡ ਜਵਾਹਰਕੇ ਵਿਖੇ ਮੀਂਹ ਦੌਰਾਨ ਕੰਧ ਡਿੱਗਣ ਨਾਲ ਕਿਸਾਨ ਹਰਜੀਵਨ ਸਿੰਘ ਦੀ ਮੌਤ ਹੋ ਗਈ ਸੀ। ਅੱਜ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਵਿਧਾਇਕ ਬਣਾਂਵਾਲੀ ਨੇ ਕਿਸਾਨ ਦੇ ਵਾਰਿਸਾਂ ਨੂੰ 04 ਲੱਖ ਰੁਪਏ ਦਾ ਚੈੱਕ ਵਿੱਤੀ ਸਹਾਇਤਾ ਵੱਜੋਂ ਦਿੱਤਾ। ਇਸ ਮੌਕੇ ਵਿਧਾਇਕ ਬਣਾਂਵਾਲੀ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਪੀੜਿਤ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤ ਵਿਚ ਹਰ ਪਰਿਵਾਰ ਦਾ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਐਸ.ਡੀ.ਐਮ ਮਾਨਸਾ ਤੇ ਸਰਦੂਲਗੜ੍ਹ ਸ੍ਰੀ ਕਾਲਾ ਰਾਮ ਕਾਂਸਲ, ਡੀ.ਐਸ.ਪੀ ਸਰਦੂਲਗੜ੍ਹ ਮਨਜੀਤ ਸਿੰਘ, ਤਹਿਸੀਲਦਾਰ ਝੁਨੀਰ ਸੁਰਿੰਦਰ ਪੱਬੀ, ਪਟਵਾਰੀ ਸਾਹਿਬਾਨ, ਪਿੰਡ ਦੇ ਸਰਪੰਚ ਸਾਹਿਬਾਨ ਅਤੇ ਸਮੂਹ ਗ੍ਰਾਮ ਪੰਚਾਇਤ, ਪਿੰਡ ਦੇ ਅਹੁਦੇਦਾਰ ਸਾਹਿਬਾਨ ਆਦਿ ਮੌਜੂਦ ਸਨ।

# ਬੰਨ੍ਹਾਂ ਦੀ ਮਜ਼ਬੂਤੀ ਲਈ ਯਤਨ: ਕੈਬਨਿਟ ਮੰਤਰੀ ਭੁੱਲਰ ਅਤੇ ਹਰਭਜਨ ਸਿੰਘ ਈਟੀਓ ਬਿਆਸ ਦਰਿਆ ਦੇ ਕਮਜ਼ੋਰ ਹਿੱਸਿਆਂ ਨੂੰ ਮਜ਼ਬੂਤ ਕਰਨ ਦੇ ਕਾਰਜ 'ਚ ਸਹਿਯੋਗ ਦਿੱਤਾ

ਚੰਡੀਗੜ੍ਹ ਸਾਂਝੀ ਸੋਚ ਬਿਊਰੋ



ਪੰਜਾਬ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਹਰਭਜਨ ਸਿੰਘ ਈਟੀਓ ਨੇ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਨਾਲ ਅੱਜ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਮਰੜ ਅਤੇ ਕਿੜੀਆਂ ਦਾ ਦੌਰਾ ਕਰਕੇ ਬਿਆਸ ਦਰਿਆ ਦੇ ਸੰਵੇਦਨਸ਼ੀਲ ਹਿੱਸਿਆਂ ਦਾ ਜਾਇਜ਼ਾ ਲਿਆ।

ਇਸ ਦੌਰੇ ਦੌਰਾਨ ਆਗੂਆਂ ਨੇ ਬੰਨ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਕੇ ਦਰਿਆ ਦੇ ਪਾਣੀ ਦਾ ਪੱਧਰ ਵਧਣ ਕਾਰਨ ਦਰਪੇਸ਼ ਆਉਣ ਵਾਲੀਆਂ ਚੁਣੌਤੀਆਂ ਬਾਰੇ ਜਾਣਿਆ। ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ ਕੈਬਨਿਟ ਮੰਤਰੀਆਂ ਅਤੇ ਸ੍ਰੀ ਸਿਸੋਦੀਆ ਨੇ ਸਥਾਨਕ ਭਾਈਚਾਰੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਰਗਰਮ ਸਮਰਥਨ ਨਾਲ ਬੋਰੀਆਂ ਅਤੇ ਕਰੇਟਾਂ ਦੀ ਵਰਤੋਂ ਰਾਹੀਂ ਦਰਿਆ ਦੇ ਕਮਜ਼ੋਰ ਹਿੱਸਿਆਂ ਨੂੰ ਮਜ਼ਬੂਤ ਕਰਨ ਦੇ ਕਾਰਜ ਵਿੱਚ ਸਹਿਯੋਗ ਦਿੱਤਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਜ਼ਮੀਨ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਤੁਰੰਤ ਉਪਾਅ ਯਕੀਨੀ ਬਣਾਉਣ ਦੇ ਨਾਲ-ਨਾਲ ਲੰਬੇ ਸਮੇਂ ਦੇ ਹੱਲ ਤਿਆਰ ਕਰਨ ਲਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਕੈਬਨਿਟ ਮੰਤਰੀਆਂ ਨੇ ਪਿੰਡ ਵਾਸੀਆਂ ਅਤੇ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਬੰਨ੍ਹਾਂ ਨੂੰ ਸਮੇਂ ਸਿਰ ਮਜ਼ਬੂਤ ਕਰਨ ਵਿੱਚ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ ਸਥਿਤੀ ਦੀ ਨੇੜਿਓਂ ਨਜ਼ਰ ਰੱਖ ਰਹੀ ਹੈ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੰਕਟ ਦੀ ਇਸ ਘੜੀ ਵਿੱਚ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਸੂਬਾ ਸਰਕਾਰ ਦਾ ਪੂਰਾ ਅਮਲਾ ਪਹਿਲੇ ਦਿਨ ਤੋਂ ਸਰਗਰਮ ਹੈ। ਉਨ੍ਹਾਂ ਕਿਹਾ ਕਿ ਸੀਨੀਅਰ ਆਗੂ ਮਨੀਸ਼ ਸਿਸੋਦੀਆ ਅਤੇ ਆਪ ਦੀ ਸਮੁੱਚੀ ਲੀਡਰਸ਼ਿਪ ਇਸ ਮੁਸ਼ਕਲ ਸਮੇਂ ਵਿੱਚ ਪੰਜਾਬੀਆਂ ਨਾਲ ਡਟ ਕੇ ਖੜ੍ਹੇ ਹਨ।

# ਪੰਜਾਬ ਅਨ-ਏਡਿਡ ਕਾਲਜ ਐਸੋਸੀਏਸ਼ਨ ਨੇ ਪੰਜਾਬ ਹੜ੍ਹ ਰਾਹਤ ਕਾਰਜਾਂ ਲਈ 11 ਲੱਖ ਰੁਪਏ ਦਿੱਤੇ

ਚੰਡੀਗੜ੍ਹ ਸਾਂਝੀ ਸੋਚ ਬਿਊਰੋ



ਹੜ੍ਹਾਂ ਕਾਰਨ ਬਣੇ ਔਖੇ ਹਾਲਾਤਾਂ ਵਿੱਚ ਇਕਜੁੱਟਤਾ ਦੀ ਮਿਸਾਲ ਪੇਸ਼ ਕਰਦਿਆਂ ਪੰਜਾਬ ਅਨ-ਏਡਿਡ ਕਾਲਜ ਐਸੋਸੀਏਸ਼ਨ (ਪੁੱਕਾ) ਨੇ ਰਾਹਤ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਨੰਗਲ ਵਿਖੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ 11 ਲੱਖ ਰੁਪਏ ਦਾ ਚੈੱਕ ਸੌਂਪਿਆ। ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਅਤੇ ਪੁੱਕਾ ਦੇ ਪ੍ਰਧਾਨ ਡਾ. ਅੰਸ਼ੂ ਕਟਾਰੀਆ ਦੀ ਅਗਵਾਈ ਵਾਲੇ ਵਫ਼ਦ ਨੰਗਲ ਵਿਖੇ ਸਿੱਖਿਆ ਮੰਤਰੀ ਨੂੰ ਮਿਲਿਆ, ਜਿੱਥੇ ਸ. ਹਰਜੋਤ ਸਿੰਘ ਬੈਂਸ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਬਚਾਅ ਅਤੇ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਹਨ। ਇਸ ਵਫ਼ਦ ਵਿੱਚ ਪੰਜਾਬ ਦੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਸੁਮਨਦੀਪ ਸਿੰਘ ਵਾਲੀਆ, ਲੈਮਰਿਨ ਟੈਕ ਯੂਨੀਵਰਸਿਟੀ ਦੇ ਚਾਂਸਲਰ ਨਿਰਮਲ ਸਿੰਘ ਰਿਆਤ, ਸਵਾਈਟ ਗਰੁੱਪ ਤੋਂ ਅਸ਼ੋਕ ਗਰਗ, ਰਾਮ ਦੇਵੀ ਜਿੰਦਲ ਕਾਲਜ ਤੋਂ ਰਾਜੀਵ ਜਿੰਦਲ ਅਤੇ ਕੁਐਸਟ ਗਰੁੱਪ ਤੋਂ ਹਰਿੰਦਰ ਕਾਂਡਾ ਸ਼ਾਮਿਲ ਸਨ। ਹਰਜੋਤ ਸਿੰਘ ਬੈਂਸ ਨੇ ਪੁੱਕਾ ਅਤੇ ਇਸਦੀਆਂ ਮੈਂਬਰ ਸੰਸਥਾਵਾਂ ਦੀ ਇਸ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਅਤੇ ਇਸ ਮੁਸ਼ਕਲ ਸਮੇਂ ਦੌਰਾਨ ਇਸ ਇਮਦਾਦ ਲਈ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਸਮੇ ਪੁੱਕਾ ਦਾ ਯੋਗਦਾਨ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਵਿੱਚ ਮਹੱਤਵਪੂਰਨ ਰਾਹਤ ਪ੍ਰਦਾਨ ਕਰਨ ਲਈ ਰਾਜ ਸਰਕਾਰ ਦੀ ਮਦਦ ਕਰੇਗਾ।

ਡਾ. ਅੰਸ਼ੂ ਕਟਾਰੀਆ ਨੇ ਸਿੱਖਿਆ ਮੰਤਰੀ ਨੂੰ ਭਰੋਸਾ ਦਿੱਤਾ ਕਿ ਪੁੱਕਾ ਅਤੇ ਇਸਦੇ ਮੈਂਬਰ ਕਾਲਜ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਅਤੇ ਦੇਖਭਾਲ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਨਾਲ ਇੱਕਜੁੱਟ ਹਨ। ਇਹ ਸੰਕੇਤ ਪੁੱਕਾ ਅਤੇ ਇਸਦੇ ਮੈਂਬਰ ਸੰਸਥਾਵਾਂ ਦੀ ਰਾਜ ਦੇ ਰਾਹਤ ਕਾਰਜਾਂ ਦਾ ਸਮਰਥਨ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਵਿਫਟ ਗਰੁੱਪ, ਲੈਮਰਿਨ ਟੈਕ ਯੂਨੀਵਰਸਿਟੀ, ਸੀਜੀਸੀ ਯੂਨੀਵਰਸਿਟੀ, ਜੀ ਐਨ ਏ ਯੂਨੀਵਰਸਿਟੀ , ਅੰਮ੍ਰਿਤਸਰ ਗਰੁੱਪ , ਕੁਐਸਟ ਗਰੁੱਪ, ਗਲੋਬਲ ਗਰੁੱਪ, ਰਾਮ ਦੇਵੀ ਜਿੰਦਲ ਗਰੁੱਪ, ਇੰਡੋ ਗਲੋਬਲ, ਅਕਾਲ ਗਰੁੱਪ, ਐਲ ਸੀ ਈ ਟੀ ਗਰੁੱਪ, ਗੁਲਜ਼ਾਰ ਗਰੁੱਪ, ਬੀਆਈ ਐਸ ਗਰੁੱਪ, ਸਵਾਇਟ ਗਰੁੱਪ, ਆਰੀਅਨ ਗਰੁੱਪ, ਬਾਬਾ ਸ੍ਰੀ ਚੰਦ ਕਾਲਜ, ਬਾਬਾ ਕੁੰਦਨ ਕਾਲਜ, ਅਤੇ ਐਸ ਬੀ ਐਸ ਗਰੁੱਪ ਨੇ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਇਆ ਹੈ।

# ਜ਼ਿਲ੍ਹੇ ਵਿੱਚ 13 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਮਾਨਸਾ ਸਾਂਝੀ ਸੋਚ ਬਿਊਰੋ



ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਜੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਤੀ 13.09.2025 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ। ਲੋਕਾਂ ਨੂੰ ਸਸਤਾ ਅਤੇ ਛੇਤੀ ਨਿਆ ਮਿਲੇ, ਝਗੜਿਆਂ ਦਾ ਨਿਪਟਾਰਾ ਆਪਸੀ ਸਹਿਮਤੀ ਅਤੇ ਰਜਾਮੰਦੀ ਨਾਲ ਹੋਵੇ, ਲੋਕਾਂ ਦੇ ਮਨਾਂ ਵਿੱਚੋਂ ਦੁਸ਼ਮਨੀ ਨੂੰ ਜੜੋਂ ਖਤਮ ਕੀਤਾ ਜਾਵੇ, ਇਸ ਕੌਮੀ ਲੋਕ ਅਦਾਲਤ ਦੇ ਮੁੱਖ ਮੰਤਵ ਹਨ। ਜ਼ਿਲ੍ਹਾ ਮਾਨਸਾ ਵਿਚ 13.09.2025 ਨੂੰ ਆ ਰਹੀ ਨੈਸ਼ਨਲ ਲੋਕ ਅਦਾਲਤ ਨੂੰ ਸਫਲ ਕਰਨ ਸਬੰਧੀ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ ਸ਼੍ਰੀ ਮਨਜਿੰਦਰ ਸਿੰਘ ਅਤੇ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ, ਵੱਲੋਂ ਲਗਾਤਾਰ ਕੋਸ਼ਿਸਾਂ ਕੀਤੀਆ ਜਾ ਰਹੀਆ ਹਨ। ਲੋਕਾਂ ਨੂੰ ਵੀ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੱਧ ਤੋਂ ਵੱਧ ਕੇਸ ਕੌਮੀ ਲੋਕ ਅਦਾਲਤ ਵਿਚ ਲਗਾਉਣ ਜਿਸ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਫਾਇਦਾ ਹੋ ਸਕੇ। ਇਸ ਲੋਕ ਅਦਾਲਤ ਵਿਚ ਦਿਵਾਨੀ ਮਾਮਲੇ, ਕਰਿਮੀਨਲ ਕੰਪਾਊਂਡੇਬਲ, ਚੈੱਕਾਂ ਦੇ ਕੇਸ, ਬੈਂਕ, ਬਿਜਲੀ, ਪਾਣੀ ਟੈਲੀਫੋਨ ਅਤੇ ਵਿਆਹ ਨਾਲ ਸਬੰਧਿਤ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਕੌਮੀ ਲੋਕ ਅਦਾਲਤ ਵਿੱਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਸ ਲੋਕ ਅਦਾਲਤ ਵਿੱਚ ਆਪਣਾ ਕੇਸ ਲਗਾਉਣ ਲਈ ਇਕ ਦਰਖਾਸਤ ਦੇ ਕੇ ਹੀ ਲੋਕ ਅਦਾਲਤ ਵਿੱਚ ਆਪਣਾ ਕੇਸ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਕਿਸੇ ਵੀ ਵਿਅਕਤੀ ਨੂੰ ਕਾਨੂੰਨੀ ਸਹਾਇਤਾ ਦੀ ਲੋੜ ਹੈ ਤਾਂ ਉਹ ਨੈਸ਼ਨਲ ਟੋਲ ਫ੍ਰੀ ਹੈਲਪ ਲਾਈਨ ਨੰ. 15100 ਤੇ ਕਾਲ ਕਰ ਸਕਦਾ ਹੈ।




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

# ਅਧਿਆਪਕ ਮਾਣ ਸਤਿਕਾਰ ਅਤੇ ਹੱਕਾਂ ਤੋਂ ਵਾਂਝੇ ਕਿਉਂ?



ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969

ਪਾਕਿਸਤਾਨ ਦੀ ਸਮਾਜਿਕ ਕਾਰਕੁੰਨ ਅਤੇ ਨੋਬਲ ਪੁਰਸਕਾਰ ਵਿਜੇਤਾ ਮਲਾਲਾ ਯੂਸਫਜ਼ਈ ਦਾ ਕਥਨ ਹੈ ਕਿ ਇੱਕ ਬੱਚਾ,ਇੱਕ ਅਧਿਆਪਕ, ਇੱਕ ਕਿਤਾਬ ਅਤੇ ਇੱਕ ਪੈੱਨ ਦੁਨੀਆਂ ਨੂੰ ਬਦਲ ਸਕਦੇ ਹਨ। ਕਿਸੇ ਨੇ ਸੱਚ ਕਿਹਾ ਹੈ ਕਿ ਗੁਰੂ ਬਿਨਾਂ ਗਤ ਨਹੀਂ ਸ਼ਾਹ ਬਿਨਾਂ ਪਤ ਨਹੀਂ। ਗੁਰੂ ਤੋਂ ਬਿਨਾਂ ਜ਼ਿੰਦਗੀ ਵਿੱਚ ਮੰਜ਼ਿਲ ਦੀ ਪ੍ਰਾਪਤੀ ਸੰਭਵ ਨਹੀਂ।ਗੁਰਬਾਣੀ ਵਿੱਚ ਵੀ ਗੁਰੂ ਨੂੰ ਵਡਿਆਇਆ ਗਿਆ। ਗੋਬਿੰਦ ਤੋਂ ਵਧ ਕੇ ਗੁਰੂ ਨੂੰ ਦਰਜਾ ਦਿੱਤਾ ਗਿਆ।ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤੁ ਮਹੱਤ ਦੇ ਕਥਨ ਅਨੁਸਾਰ ਗੁਰੂ ਨੂੰ ਮਾਤਾ ਪਿਤਾ ਦੇ ਬਰਾਬਰ ਮਾਣ ਸਤਿਕਾਰ ਦਿੱਤਾ ਗਿਆ। ਇੱਕ ਅਧਿਆਪਕ ਦੀ ਝਿੜਕ ਮਾਂ ਬਾਪ ਦੇ ਪਿਆਰ ਨਾਲੋਂ ਚੰਗੀ ਹੁੰਦੀ ਹੈ। ਮਾਂ ਬੱਚੇ ਦੀ ਪਹਿਲੀ ਅਧਿਆਪਕ ਅਤੇ ਪਰਿਵਾਰ ਬੱਚੇ ਦਾ ਪਹਿਲਾ ਸਕੂਲ ਜਿਥੇ ਤੋਤਲੀ ਆਵਾਜ਼ ਵਿੱਚ ਬੋਲਿਆ ਮਾਂ ਪਹਿਲਾ ਸ਼ਬਦ ਹੁੰਦਾ ਹੈ। ਸਿੱਖਿਆ ਪ੍ਰਾਪਤੀ ਦੇ ਮੰਤਵ ਨਾਲ ਘਰ ਦੀ ਦਹਿਲੀਜ਼ ਤੋਂ ਨਿਕਲਿਆ ਬੱਚਾ ਸਕੂਲ, ਕਾਲਜ਼ ਤੋਂ ਹੁੰਦਿਆਂ ਯੂਨੀਵਰਸਿਟੀ ਦੀਆਂ ਪੌੜੀਆਂ ਚੜ੍ਹਦਾ ਹੈ। ਅਧਿਆਪਕ ਸਮਾਜ਼ ਦਾ ਨਿਰਮਾਤਾ ਹੈ। ਸਾਡੇ ਆਲੇ ਦੁਆਲੇ ਜ਼ੋ ਵੀ ਡਾਕਟਰ, ਇੰਜੀਨੀਅਰ,ਨੇਤਾ, ਪੁਲਿਸ, ਜੱਜ ,ਵਕੀਲ ਪ੍ਰਸ਼ਾਸਨਿਕ ਅਧਿਕਾਰੀ ਅਤੇ ਕਰਮਚਾਰੀ ਦੇਖਦੇ ਹਾਂ,ਇਹ ਇੱਕ ਅਧਿਆਪਕ ਦੀ ਦੇਣ ਹਨ। ਜਦੋਂ ਸਮਾਜ਼ ਦੇ ਵਿੱਚ ਇਹ ਸਾਰੇ ਇੱਜ਼ਤ ਦੇ ਹੱਕਦਾਰ ਅਤੇ ਸਨਮਾਨ ਦੇ ਪਾਤਰ ਹਨ ਉਦੋਂ ਅਧਿਆਪਕ ਵਰਗ ਦੀ ਮੌਜੂਦਾ ਦਸ਼ਾ ਚਿੰਤਾ ਪ੍ਰਗਟ ਕਰਦੀ ਹੋਈ ਬੁੱਧੀਜੀਵੀਆਂ ਨੂੰ ਚਿੰਤਨ ਕਰਨ ਲਈ ਮਜ਼ਬੂਰ ਕਰਦੀ ਹੈ।

ਇੱਕ ਅਧਿਆਪਕ ਬਣਨਾ ਔਖਾ ਪ੍ਰੰਤੂ ਇੱਕ ਉੱਤਮ ਅਧਿਆਪਕ ਬਣਨਾ ਉਸ ਤੋਂ ਵੀ ਮੁਸ਼ਿਕਲ ਹੈ।ਹਰੇਕ ਅਧਿਆਪਕ ਦੁਆਰਾ ਵਿਦਿਆਰਥੀਆਂ ਦੇ ਦਿਲਾਂ ਵਿੱਚ ਜਗ੍ਹਾ ਬਣਾ ਕੇ ਛਾਪ ਛੱਡ ਜਾਣਾ ਸੌਖਾ ਕੰਮ ਨਹੀਂ।ਅਧਿਆਪਕ ਇੱਕ ਪੇਸ਼ਾ ਨਹੀਂ ਇੱਕ ਧਰਮ ਹੈ। ਵਿੱਦਿਆ ਨੂੰ ਤੀਸਰਾ ਨੇਤਰ ਅਤੇ ਸਭ ਤੋਂ ਉੱਤਮ ਦਾਨ ਮੰਨਿਆ ਗਿਆ। ਵਿਦਿਆਰਥੀ ਵਰਗ ਨੂੰ ਉਸ ਅਧਿਆਪਕ ਦਾ ਵਿਸ਼ਾ ਬਹੁਤ ਸੌਖਾ ਲੱਗਦਾ ਹੈ ਜੋ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਹੋਵੇ।ਇੱਕ ਉੱਤਮ ਅਧਿਆਪਕ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਕਾਮਯਾਬ ਹੋਣ ਦੇ ਮੂਲ ਮੰਤਰ ਦੱਸਦਾ ਹੋਇਆ ਇੱਕ ਚੰਗਾ ਇਨਸਾਨ ਬਣਨ ਲਈ ਵੀ ਪ੍ਰੇਰਿਤ ਕਰਦਾ ਹੈ। ਵਿੱਦਿਆ ਦਾ ਮੁੱਖ ਮੰਤਵ ਨੌਕਰੀ ਪ੍ਰਾਪਤੀ ਨਹੀਂ ਸਗੋਂ ਇੱਕ ਚੰਗੇ ਨਾਗਰਿਕ ਪੈਦਾ ਕਰਨਾ ਹੈ। ਬੱਚਿਆਂ ਨੂੰ ਸਕੂਲ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲ ਕਰਵਾਕੇ ਸਭ ਕੁੱਝ ਅਧਿਆਪਕ ਵਰਗ ਤੇ ਛੱਡ ਕੇ ਮਾਪੇ ਆਪਣੇ ਫਰਜ਼ ਤੋਂ ਮੁਨਕਰ ਨਹੀਂ ਹੋ ਸਕਦੇ। ਅਧਿਆਪਕਾਂ ਦੇ ਨਾਲ ਨਾਲ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਧਿਆਪਕਾਂ ਦਾ ਬੱਚੇ ਦੇ ਚੰਗੇ ਭਵਿੱਖ ਬਣਾਉਣ ਵਿੱਚ ਬਰਾਬਰ ਯੋਗਦਾਨ ਦੇਣ। ਸਿੱਖਿਆ ਸੰਸਥਾਵਾਂ ਸਰਕਾਰੀ ਹੋਣ ਜਾਂ ਪ੍ਰਾਈਵੇਟ ਦੋਵਾਂ ਵਿੱਚ ਅਧਿਆਪਕਾਂ ਨੂੰ ਦਰਵੇਸ਼ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖਿਆ ਦੇ ਖ਼ੇਤਰ ਵਿੱਚ ਕਿਹੋ ਜਿਹੀ ਕ੍ਰਾਂਤੀ ਆਈ ਹੈ। ਦੇਸ਼ ਦੇ ਬਹੁਤੇ ਸਕੂਲਾਂ ਵਿੱਚ ਪ੍ਰਿੰਸੀਪਲ ਦੀਆਂ ਅਸਾਮੀਆਂ ਖ਼ਾਲੀ ਹਨ।ਇੱਕ ਪ੍ਰਿੰਸੀਪਲ ਦੋ ਤੋਂ ਵੱਧ ਸਕੂਲਾਂ ਦਾ ਚਾਰਜ ਸੰਭਾਲ ਰਿਹਾ ਹੈ। ਤਰੱਕੀ ਦੀ ਉਡੀਕ ਕਰ ਰਹੇ ਅਧਿਆਪਕ ਰਿਟਾਇਰਮੈਂਟ ਹੋ ਰਹੇ ਹਨ।

ਅਧਿਆਪਕ ਨੂੰ ਵਾਧੂ ਵਿਸ਼ਾ ਪੜ੍ਹਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਅਧਿਆਪਕਾਂ ਤੋਂ ਲਏ ਜਾਣ ਵਾਲੇ ਹੋਰ ਕੰਮ ਜਿਵੇਂ ਵੋਟਾਂ, ਮਰਦਮਸ਼ੁਮਾਰੀ,ਕਲਰਕ, ਝੋਨੇ ਅਤੇ ਕਣਕ ਦੀ ਪਰਾਲੀ ਪ੍ਰਬੰਧਨ ਵਰਗੇ ਕੰਮ ਅਧਿਆਪਕ ਨੂੰ ਸਿੱਖਿਆ ਅਤੇ ਵਿਦਿਆਰਥੀਆਂ ਤੋਂ ਦੂਰ ਕਰਦੇ ਹਨ ਇਸ ਨਾਲ ਜਿਥੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ਉਥੇ ਅਧਿਆਪਕ ਵਰਗ ਨੂੰ ਦੂਰ ਦੁਰਾਡੇ ਡਿਊਟੀਆਂ ਲੱਗਣ ਕਰਕੇ ਖੱਜਲਖੁਆਰ ਹੋਣਾ ਪੈਂਦਾ ਹੈ। ਅਧਿਆਪਕ ਦਾ ਮੁੱਖ ਕੰਮ ਵਿਦਿਆਰਥੀਆਂ ਦੀ ਪੜ੍ਹਾਈ ਹੋਣਾ ਚਾਹੀਦਾ ਹੈ ਹੋਰ ਕੁੱਝ ਨਹੀਂ। ਜ਼ੇਕਰ ਅਧਿਆਪਕ ਵਾਧੂ ਡਿਊਟੀਆਂ ਵਿੱਚ ਉਲਝੇ ਰਹਿਣਗੇ ਫ਼ਿਰ ਬੱਚਿਆਂ ਨੂੰ ਪੜ੍ਹਾਏਗਾ ਕੌਣ? ਮਹੀਨਾਵਾਰ ਸਿਲੇਬਸ ਕਿਵੇਂ ਸਮੇਂ ਸਿਰ ਪੂਰਾ ਹੋਵੇਗਾ? ਜ਼ੇਕਰ ਸਿਲੇਬਸ ਸਮੇਂ ਸਿਰ ਪੂਰਾ ਨਹੀਂ ਹੋਵੇਗਾ ਤਾਂ ਬੱਚਿਆਂ ਦਾ ਮਹੀਨਾਵਾਰ ਟੈਸਟ ਕਿਸ ਆਧਾਰ ਤੇ ਹੋਵੇਗਾ ? ਸਮੇਂ ਸਿਰ ਸਿਲੇਬਸ ਨਾ ਹੋਣ ਕਰਕੇ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਦਾ ਬੋਝ ਵਧੇਗਾ।ਇਸ ਨਾਲ ਵਿਦਿਆਰਥੀ ਅਤੇ ਅਧਿਆਪਕ ਦੋਵਾਂ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਧਿਆਪਕ ਦੇ ਮਾਣ ਸਨਮਾਨ ਅਤੇ ਸਤਿਕਾਰ ਦੀ ਗੱਲ ਜਦੋਂ ਵੀ ਚੱਲਦੀ ਹੈ ਉਦੋਂ ਸਹਿਮਤ ਤਾਂ ਸਾਰੇ ਹੁੰਦੇ ਹਨ ਪਰੰਤੂ ਅਮਲ ਕੋਈ ਨਹੀਂ ਕਰਦਾ। ਅਧਿਆਪਕ ਪੜਾਉਣ ਲਈ ਹੁੰਦੇ ਹਨ ਨਾ ਕਿ ਹਾਕਮਾਂ ਦੀ ਆਉ ਭਗਤ ਕਰਨ ਲਈ।ਸਕੂਲ ਆੱਫ ਐਮੀਨੈਂਸ ਸਮਾਣਾ ਦੀ ਚਾਰ ਦਿਵਾਰੀ ਦਾ ਉਦਘਾਟਨ ਕਰਦਿਆਂ ਮੌਜੂਦਾ ਵਿਧਾਇਕ ਅਤੇ ਸਾਬਕਾ ਸਿਹਤ ਮੰਤਰੀ ਦੁਆਰਾ ਸਟੇਜ ਉੱਪਰ ਚੜ੍ਹ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਪੁੱਛਣਾ ਅਤੇ ਉਲੀਕੇ ਪ੍ਰੋਗਰਾਮ ਨੂੰ ਮਾੜਾ ਕਹਿਣਾ ਸਿਹਤ ਮੰਤਰੀ ਦੀ ਸੌੜੀ ਸੋਚ ਨੂੰ ਉਜਾਗਰ ਕਰਦਾ ਹੈ।ਇਸੇ ਹੀ ਤਰ੍ਹਾਂ ਫ਼ਰੀਦਕੋਟ ਦੇ ਪਿੰਡ ਗੋਦਾਰਾ ਵਿੱਚ ਵਿਧਾਇਕ ਵੱਲੋਂ ਸਕੂਲ ਦਾ ਮੁਆਇਨਾ ਕਰਦੇ ਸਮੇਂ ਇਸ ਗੱਲੋਂ ਗੁੱਸੇ ਹੋ ਜਾਣਾ ਕਿ ਮਹਿਲਾ ਅਧਿਆਪਕ ਉਸਦੀ ਆਉ ਭਗਤ ਲਈ ਨਹੀਂ ਆਏ। ਵਿਧਾਇਕ ਨੂੰ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਮਹਿਲਾ ਅਧਿਆਪਕਾਂ ਤੱਕ ਮੰਤਰੀ ਨੂੰ ਕੀ ਕੰਮ ਸੀ ? ਅਜਿਹਾ ਕਿਹੜਾ ਕੰਮ ਹੈ ਜਿਹੜਾ ਪੁਰਸ਼ ਅਧਿਆਪਕ ਨਹੀਂ ਕਰ ਸਕੇ?ਜਦੋਂ ਸਕੂਲ ਵਿੱਚ ਪੰਜ ਅਧਿਆਪਕ ਮੌਜੂਦ ਹਨ ਉਹਨਾਂ ਵਿੱਚੋਂ ਦੋ ਪੁਰਸ਼ ਅਧਿਆਪਕ ਵਿਧਾਇਕ ਦੀ ਆਉ ਭਗਤ ਕਰ ਰਹੇ ਹਨ,ਤਿੰਨ ਮਹਿਲਾ ਅਧਿਆਪਕ ਛੋਟੇ ਬੱਚਿਆਂ ਨੂੰ ਜਮਾਤ ਵਿੱਚ ਚੁੱਪ ਕਰਵਾ ਕੇ ਸਕੂਲ ਦੇ ਅਨੁਸ਼ਾਸਨ ਨੂੰ ਕਾਇਮ ਰੱਖ ਰਹੇ ਹਨ, ਵਿਧਾਇਕ ਵੱਲੋਂ ਉਹਨਾਂ ਮਹਿਲਾਂ ਅਧਿਆਪਕਾਂ ਦੀ ਵਿਧਾਨ ਸਭਾ ਦੇ ਸਪੀਕਰ ਕੋਲ ਸ਼ਿਕਾਇਤ ਕਰਕੇ ਵਿਧਾਨ ਸਭਾ ਵਿੱਚ ਸਪੀਕਰ ਵੱਲੋਂ ਤਲਬ ਕਰਨਾ ਅਧਿਆਪਕਾਂ ਦੀ ਬੇਇੱਜ਼ਤੀ ਅਤੇ ਤੌਹੀਨ ਕਰਨਾ ਹੈ।

ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਵਿੱਚ ਘਟ ਰਹੀ ਸਹਿਣਸ਼ੀਲਤਾ ਅਧਿਆਪਕ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਤਣਾਅ ਵਧਾਉਂਦੀ ਹੈ ।ਅੱਜ ਤੋਂ ਵੀਹ ਤੋਂ ਪੱਚੀ ਸਾਲ ਪਹਿਲਾਂ ਅਧਿਆਪਕ ਵਿਦਿਆਰਥੀ ਨੂੰ ਕੁੱਟ ਵੀ ਦਿੰਦਾ ਤਾਂ ਵਿਦਿਆਰਥੀ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਉਹ ਸੀ ਵੀ ਕਰ ਜਾਵੇ ਪ੍ਰੰਤੂ ਬਦਲਦੇ ਸਮੇਂ ਨੇ ਮਾਪਿਆਂ ਦੁਆਰਾ ਬੱਚੇ ਨੂੰ ਦਿੱਤੀ ਗਈ ਖੁੱਲ੍ਹ ਵਿਦਿਆਰਥੀਆਂ ਲਈ ਨਾਸੂਰ ਬਣ ਗਈ ਹੈ। ਮੇਰੇ ਦੋਸਤ ਅਧਿਆਪਕ ਦੇ ਸਕੂਲ ਵਿੱਚ ਵਾਪਰੀ ਘਟਨਾ ਇਹ ਦਰਸਾਉਣ ਦਾ ਯਤਨ ਕਰਦੀ ਹੈ ਕਿ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸੋਚ ਵਿੱਚ ਕਿੰਨਾ ਨਿਘਾਰ ਆ ਚੁੱਕਿਆ ਹੈ। ਅਜੋਕੇ ਸਮੇਂ ਦੇ ਵਿਦਿਆਰਥੀ ਮਹਾਭਾਰਤ ਦੇ ਏਕਲਵਿਆ ਦੀ ਤਰ੍ਹਾਂ ਆਪਣੇ ਗੁਰੂ ਦਰੋਣਾਚਾਰੀਆ ਨੂੰ ਗੁਰੂ ਦੰਕਸ਼ਨਾ ਦੇ ਰੂਪ ਵਿੱਚ ਅੰਗੂਠਾ ਭੇਂਟ ਨਹੀਂ ਕਰਦੇ ਸਗੋਂ ਸਹਿਣਸ਼ੀਲਤਾ ਦੀ ਕਮੀਂ ਕਰਕੇ ਆਪਣੇ ਗੁਰੂ ਨੂੰ ਹੀ ਬੁਰਾ ਭਲਾ ਕਹਿੰਦੇ ਹੋਏ ਮਾਰ ਕੁੱਟ ਤੇ ਉੱਤਰ ਆਉਂਦੇ ਹਨ।

ਮੇਰੇ ਇੱਕ ਅਧਿਆਪਕ ਦੋਸਤ ਨੇ ਬੜੇ ਦੁੱਖ ਨਾਲ ਦੱਸਿਆ ਕਿ ਉਸ ਦੇ ਸਕੂਲ ਵਿੱਚ ਇੱਕ ਅੱਠਵੀਂ ਜਮਾਤ ਦੇ ਵਿਦਿਆਰਥੀ ਨੇ ਇੱਕ ਸ਼ਰੀਰਕ ਸਿੱਖਿਆ ਦੇ ਅਧਿਆਪਕ ਦੇ ਇਸ ਗੱਲੋਂ ਚਪੇੜ ਮਾਰ ਦਿੱਤੀ ਕਿ ਅਧਿਆਪਕ ਨੇ ਸਾਰੀ ਜਮਾਤ ਸਾਹਮਣੇ ਵਿਦਿਆਰਥੀ ਨੂੰ ਝਿੜਕ ਦਿੱਤਾ। ਮਾਪੇ ਸਕੂਲ ਵਿੱਚ ਆਏ ਤਾਂ ਉਹਨਾਂ ਨੇ ਵੀ ਅਧਿਆਪਕ ਨੂੰ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ।ਬਦਲ ਰਹੇ ਸਮੇਂ ਦੀ ਇਹ ਤ੍ਰਾਸਦੀ ਹੈ ਕਿ ਜਦੋਂ ਅਧਿਆਪਕ ਦਾ ਮਾਣ ਸਤਿਕਾਰ ਅਤੇ ਇੱਜ਼ਤ ਕਾਇਮ ਨਹੀਂ ਰਹੇਗੀ ਤਾਂ ਭਵਿੱਖ ਵਿੱਚ ਕੋਈ ਵਿਦਿਆਰਥੀ ਕਦੇ ਵੀ ਅਧਿਆਪਕ ਬਣਨ ਬਾਰੇ ਨਹੀਂ ਸੋਚੇਗਾ। ਕੋਈ ਵੀ ਵਿਦਿਆਰਥੀ ਇਹ ਨਹੀਂ ਕਹੇਗਾ ਕਿ ਮੈਂ ਵੱਡਾ ਹੋ ਕੇ ਅਧਿਆਪਕ ਬਣਾਂਗਾ।ਇੱਕ ਅਧਿਆਪਕ ਦੀ ਝਿੜਕ ਪਿਆਰ ਭਰੀ ਅਤੇ ਵਿਦਿਆਰਥੀ ਦੀ ਗ਼ਲਤੀ ਸੁਧਾਰਨ ਲਈ ਹੁੰਦੀ ਹੈ, ਅਧਿਆਪਕਾਂ ਦੀ ਬੱਚਿਆਂ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ, ਉਹਨਾਂ ਨੇ ਵਿਦਿਆਰਥੀਆਂ ਤੋਂ ਕੀ ਲੈਣਾ,?ਉਹ ਤਾਂ ਆਪਣਾ ਸਮਝ ਕੇ ਝਿੜਕਦੇ ਹਨ, ਹੁਣ ਜ਼ੇਕਰ ਮਾਪੇ ਵੀ ਬੱਚਿਆਂ ਦੀ ਗ਼ਲਤੀ ਵਿੱਚ ਉਹਨਾਂ ਦਾ ਸਾਥ ਦੇਣਗੇ ਤਾਂ ਫ਼ਿਰ ਅਜਿਹੇ ਵਿਦਿਆਰਥੀਆਂ ਦਾ ਤਾਂ ਰੱਬ ਹੀ ਰਾਖਾ ਹੈ ਇਸੇ ਲਈ ਤਾਂ ਕਹਿੰਦੇ ਹਨ ਕਿ ਚੋਰ ਨੂੰ ਨਾ ਮਾਰੋ, ਸਗੋਂ ਚੋਰ ਦੀ ਮਾਂ ਨੂੰ ਮਾਰੋ ਜਿਸਨੇ ਆਪਣੇ ਬੱਚੇ ਨੂੰ ਪਹਿਲੀ ਚੋਰੀ ਕਰਨ ਬਾਅਦ ਨਹੀਂ ਰੋਕਿਆ।ਵਿਦਿਆਰਥੀ ਇੱਕ ਕੱਚੀ ਮਿੱਟੀ ਦੀ ਤਰ੍ਹਾਂ ਹੁੰਦਾ ਹੈ ਉਸ ਨੂੰ ਕਿਹੋ ਜਿਹਾ ਬਣਾਉਣਾ ਹੈ ਉਸਦੀ ਚੋਣ ਕਰਨਾ ਅਧਿਆਪਕਾਂ ਦੇ ਨਾਲ ਨਾਲ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ।

